# ਯੈੱਸ ਪੇ ਆਵੇਦਨ
# ਨਿਯਮ ਅਤੇ ਸ਼ਰਤਾਂ

ਯੈੱਸ ਪੇ ਆਵੇਦਨ ਲਈ ਹੇਠਾਂ ਨਿਰਧਾਰਿਤ ਕੀਤੇ ਗਏ ਨਿਯਮ ਅਤੇ ਸ਼ਰਤਾਂ, ਵਰਤੋਂਕਾਰ (''**ਵਰਤੋਂਕਾਰ**'' ਜਿਸ ਅਭਿਵਿਅਕਤੀ ਦੇ ਅਰਥ ਇਸਦੇ ਵਾਰਸ ਅਤੇ ਸਪੁਰਦਕਾਰ ਵੀ ਹੋਣਗੇ ਅਤੇ ਇਹਨਾਂ ਨੂੰ ਇਹ ਸ਼ਾਮਲ ਵੀ ਕਰੇਗੀ, ਜਦ ਤਕ ਕਿ ਇਸ ਦੇ ਅਰਥਾਂ ਜਾਂ ਪ੍ਰਸੰਗ ਦੇ ਵਿਪਰੀਤ ਨਾ ਹੋਵੇ) ਅਤੇ ਯੈੱਸ ਬੈਂਕ (''**ਯੈੱਸ ਬੈਂਕ**'' ਜਿਸ ਅਭਿਵਿਅਕਤੀ ਦੇ ਅਰਥ ਇਸਦੇ ਵਾਰਸ ਅਤੇ ਸਪੁਰਦਕਾਰ ਵੀ ਹੋਣਗੇ ਅਤੇ ਇਹਨਾਂ ਨੂੰ ਇਹ ਸ਼ਾਮਲ ਵੀ ਕਰੇਗੀ, ਜਦ ਤਕ ਕਿ ਇਸ ਦੇ ਅਰਥਾਂ ਜਾਂ ਪ੍ਰਸੰਗ ਦੇ ਵਿਪਰੀਤ ਨਾ ਹੋਵੇ) ਦੇ ਵਿਚਕਾਰ ਮੁਕੰਮਲ ਅਤੇ ਵਿਸ਼ਿਸ਼ਟ ਇਕਰਾਰਨਾਮਾ ਸਥਾਪਿਤ ਕਰਦਾ ਹੈ। ਵਰਤੋਂਕਾਰ ਅਤੇ ਯੈੱਸ ਬੈਂਕ ਨੂੰ ਵਿਅਕਤੀਗਤ ਰੂਪ ਵਿੱਚ ''**ਪਾਰਟੀ**'' ਸੱਦਿਆ ਜਾਏਗਾ ਅਤੇ ਸਮੂਹਕ ਰੂਪ ਵਿੱਚ ''**ਪਾਰਟੀਆਂ**''।

ਇਹਨਾਂ ਨਿਯਮਾਂ ਅਤੇ ਸ਼ਰਤਾਂ ਦੇ ਸੰਸ਼ੋਧਨ, ਸੁਧਾਈ ਜਾਂ ਰੱਦੀਕਰਨ ਲਈ ਕੋਈ ਵੀ ਮੌਖਿਕ ਜਾਂ ਜ਼ਬਾਨੀ ਇਕਰਾਰਨਾਮਾ ਵੈਧ ਨਹੀਂ ਸਮਝਿਆ ਜਾਏਗਾ ਜਦ ਤਕ ਕਿ ਦੋਵੇਂ ਪਾਰਟੀਆਂ ਐਸੇ ਸੰਸ਼ੋਧਨ, ਸੁਧਾਈ ਅਤੇ ਰੱਦੀਕਰਨ ਲਈ ਲਿਖਤੀ ਰੂਪ ਵਿੱਚ ਪੂਰੀ ਤਰ੍ਹਾਂ ਪੁਸ਼ਟੀ ਕਰਦੇ ਹੋਇਆਂ ਰਾਜ਼ੀ ਨਾ ਹੋਣ।

ਇਹ ਨਿਯਮ ਅਤੇ ਸ਼ਰਤਾਂ ਯੈੱਸਬੈਂਕ ਦੁਆਰਾ ਪੇਸ਼ ਕੀਤੇ ਗਏ ਕਿਸੇ ਵੀ ਖਾਤੇ ਜਾਂ ਕਿਸੇ ਵੀ ਹੋਰ ਸਹੂਲਤ ਜਾਂ ਸੇਵਾਂਵਾਂ ਦੇ ਹੋਰ ਨਿਯਮਾਂ ਅਤੇ ਸ਼ਰਤਾਂ ਅਤੇ/ਜਾਂ ਯੈੱਸ ਬੈਂਕ ਰਾਹੀ ਸਮੇਂ ਸਮੇਂ ਨਿਰਧਾਰਿਤ ਕੀਤੇ ਜਾਣ ਵਾਲੇ ਐਸੇ ਨਿਯਮਾਂ ਅਤੇ ਸ਼ਰਤਾਂ ਤੋਂ ਵਧੀਕ ਹੋਣਗੇ ਅਤੇ ਉਹਨਾਂ ਦੀ ਬੇਕਦਰੀ ਨਹੀਂ ਕਰਦੇ ਹੋਣਗੇ।

**ਏ. ਪਰਿਭਾਸ਼ਾਵਾਂ**: ਅਗਲੇ ਸ਼ਬਦਾਂ ਅਤੇ ਵਾਕਾਂਸ਼ਾਂ ਦੇ ਅਰਥ ਇਸ ਦਸਤਾਵੇਜ਼ ਵਿੱਚ ਹੇਠਾਂ ਸਥਾਪਿਤ ਕੀਤੇ ਅਨੁਸਾਰ ਹੋਣਗੇ ਜਦ ਤਕ ਕਿ ਪ੍ਰਸੰਗ ਦੇ ਵਿਪਰੀਤ ਨਾ ਹੋਣ:

1. ''**ਆਵੇਦਨ**'' ਦਾ ਮਤਲਬ ਹੈ '' ਯੈੱਸ ਪੇ ਆਵੇਦਨ'' ਜੋ ਕਿ ਯੈੱਸ ਬੈਂਕ ਦੇ ਮੋਬਾਈਲ/ਫ਼ੇਸਬੁਕ ਆਵੇਦਨ ਦੇ ਰੂਪ ਵਿੱਚ ਹੋਏਗਾ, ਜਿਸ ਤਕ ਕਿ ਯੈੱਸ ਬੈਂਕ ਦੁਆਰਾ ਯੈੱਸ ਪੇ ਰਾਹੀਂ ਪੇਸ਼ ਕੀਤੇ ਗਏ ਉਤਪਾਦਾਂ ਅਤੇ ਸੇਵਾਵਾਂ ਪ੍ਰਾਪਤ ਕਰਨ ਲਈ ਫ਼ੇਸਬੁਕ ਰਾਹੀਂ ਪਹੁੰਚਿਆ ਜਾ ਸਕਦਾ ਹੈ ਜਾਂ ਆਈਓਐਸ ਐਪ ਸਟੋਰ ਜਾਂ ਐਂਡਰਾਇਡ ਮੋਬਾਈਲ ਆਪ੍ਰੇਟਿੰਗ ਸਿਸਟਮ ਲਈ ਗੂਗਲ ਪਲੇ ਸਟੋਰ ਜਾਂ ਵਿੰਡੋਜ਼ ਐਪ ਸਟੋਰ ਤੋਂ ਡਾਊਨਲੋਡ ਕੀਤਾ ਜਾ ਸਕਦਾ ਹੈ।

2. ''ਵਾਲਿਟ'' ਦਾ ਅਰਥ ਹੋਏਗਾ ਯੈੱਸ ਬੈਂਕ ਦੁਆਰਾ ਵਰਤੋਂਕਾਰ ਨੂੰ ਇਸ਼ੂ ਕੀਤਾ ਗਿਆ ਪ੍ਰੀਪੇਡ ਪੇਮੈਂਟ ਇੰਸਟ੍ਰੂਮੈਂਟ (''ਪੀਪੀਆਈ'')।

3. ''ਪਾਰਟਨਰ ਵਾਲਿਟਸ'' ਦਾ ਅਰਥ ਹੋਏਗਾ ਯੈੱਸ ਬੈਂਕ ਦੇ ਵਿਭਿੰਨ ਪਾਰਟਨਰਾਂ ਦੁਆਰਾ ਵਰਤੋਂਕਾਰ ਨੂੰ ਇਸ਼ੂ ਕੀਤੇ ਗਏ ਪ੍ਰੀਪ੍ਰੇਡ ਪੇਮੈਂਟ ਇੰਸਟ੍ਰੂਮੇਂਟ (''ਪੀਪੀਆਈ'')

4. ''**ਖਾਤਾ (ਤੇ)**'' ਦਾ ਅਰਥ ਹੋਏਗਾ ਉਹ ਕਿਰਿਆਸ਼ੀਲ ਬੈਂਕ ਖਾਤਾ ਜੋ ਵਰਤੋਂਕਾਰ ਨੇ ਯੈੱਸ ਬੈਂਕ ਵਿੱਚ ਰੱਖਿਆ ਹੈ ਜਾਂ ਕੋਈ ਵੀ ਹੋਰ ਬੈਂਕ ਖਾਤਾ ਜੋ ਵਰਤੋਂਕਾਰ ਯੈੱਸ ਬੈਂਕ ਰਾਹੀਂ ਪੇਸ਼ ਕੀਤੀ ਗਈ ਸਹੂਲਤ ਦਾ ਲਾਭ ਉਠਾਉਣ ਲਈ, ਯੈੱਸ ਬੈਂਕ ਨੂੰ ਪ੍ਰਦਾਨ ਕਰ ਸਕਦਾ ਹੈ।

5. ''**ਖਾਤਾ ਧਾਰਕ**'' ਦਾ ਅਰਥ ਹੋਏਗਾ ਯੈੱਸ ਬੈਂਕ ਜਾ ਕਿਸੇ ਵੀ ਹੋਰ ਬੈਂਕ ਵਿੱਚ ਖਾਤਾ ਰੱਖਣ ਵਾਲਾ, ਬਿਨਾ ਅਨਿਵਾਸੀ ਭਾਰਤੀਆਂ, ਕਰੰਟ ਅਕਾਊਂਟ, ਕਾਰਪੋਰੇਟ ਖਾਤਾ ਧਾਰਕਾਂ ਅਤੇ ਵਿਦੇਸ਼ੀ ਖਾਤਾ ਧਾਰਕਾਂ ਦੇ।

6. ''**ਗੁਪਤ ਜਾਣਕਾਰੀ**'' ਦਾ ਅਰਥ ਹੋਏਗਾ ਕੋਈ ਵੀ ਮੌਖਿਕ, ਦਰਸ਼ਨੀ ਜਾਂ ਲਿਖਤ, ਸੁਨਿਸ਼ਚਿਤ ਜਾਂ ਅਸੁਨਿਸ਼ਚਿਤ ਹੋਰ ਜਾਣਕਾਰੀ ਜੋ ਕਿ ਸਹੂਲਤਾਂ ਦੇ ਸੰਬੰਧ ਵਿੱਚ ਯੈੱਸ ਬੈਂਕ ਦੇ ਗਿਆਨ ਵਿੱਚ ਆਈ ਹੋਵੇ ਅਤੇ ਭਾਵੇਂ ਇਸ ਉੱਤੇ ''ਗੁਪਤ'' ਦਾ ਨਿਸ਼ਾਨ ਲੱਗਾ ਹੋਵੇ ਜਾਂ ਨਾ ਜਾਂ ਉਂਜ ਗੁਪਤ ਸਮਝੀ ਗਈ ਹੋਵੇ, ਜੋ ਕਿ ਵਰਤੋਂਕਾਰ, ਉਹਨਾਂ ਦੀ ਨਿੱਜੀ ਜਾਂ ਬਿਜ਼ਨਸ ਜਾਣਕਾਰੀ ਨਾਲ ਸੰਬੰਧਿਤ ਹੋਵੇ ਅਤੇ ਜੋ ਕਿ ਪ੍ਰਕਿਰਤੀ ਵਿੱਚ ਟੈਕਨੀਕਲ, ਵਪਾਰਕ ਜਾਂ ਵਿੱਤੀ ਹੋ ਸਕਦੀ ਹੋਵੇ। ਗੁਪਤ ਜਾਣਕਾਰੀ ਵਿੱਚ ਉਹ ਜਾਣਕਾਰੀ ਸ਼ਾਮਲ ਨਹੀਂ ਹੋਏਗੀ ਜੋ ਕਿ ਇਸ ਦੇ ਸੰਚਾਰ ਤੋਂ ਪਹਿਲਾਂ ਜਾਂ ਸੰਚਾਰਿਤ ਹੋਣ 'ਤੇ ਆਮ ਤੌਰ 'ਤੇ ਉਪਲਬਧ ਹੋਵੇ ਜਾਂ ਐਸੀ ਜਾਣਕਾਰੀ ਜੋ ਕਿ ਭੇਤਦਾਰੀ ਇਕਰਾਰ ਤੋਂ ਬਿਨਾ, ਇਸ ਦੇ ਸੰਚਾਰ ਤੋਂ ਪਹਿਲਾਂ ਹੀ ਉਂਜ ਪ੍ਰਾਪਤ ਕਰਤਾ ਦੇ ਕੋਲ ਮੌਜੂਦ ਹੋਵੇ ਜਾਂ ਐਸੀ ਪਾਰਟੀ ਨੇ ਕਿਸੇ ਹੋਰ ਪਾਰਟੀ ਤੋਂ ਵਸੂਲੀ ਜਾਣਕਾਰੀ ਜਾਂ ਸਮੱਗਰੀ ਦੀ ਵਰਤੋਂ ਨਾ ਕਰਦੇ ਹੋਇਆਂ ਸੁਤੰਤਰ ਰੂਪ ਵਿੱਚ ਵਿਕਸਿਤ ਕੀਤੀ ਹੋਵੇ।

7. ''**ਸਹੂਲਤਾਂ**'' ਦਾ ਅਰਥ ਹੋਏਗਾ ਯੈੱਸ ਬੈਂਕ ਦੁਆਰਾ ਸਮੇਂ ਸਮੇਂ ਪੇਸ਼ ਕੀਤੀਆਂ ਜਾਣ ਵਾਲੀਆਂ ਸਾਰੀਆਂ ਸਹੂਲਤਾਂ।

8. ''**ਐਨਪੀਸੀਆਈ**'' ਦਾ ਅਰਥ ਹੋਏਗਾ ਭਾਰਤ ਵਿੱਚ ਇਕ ਮਜ਼ਬੂਤ ਭੁਗਤਾਨ ਅਤੇ ਨਿਪਟਾਰਾ ਬੁਨਿਆਦੀ ਢਾਂਚਾ ਪੈਦਾ ਕਰਨ ਲਈ, ਭੁਗਤਾਨ ਅਤੇ ਨਿਪਟਾਰਾ ਪ੍ਰਣਾਲੀਆਂ ਐਕਟ, 2007 ਦੇ ਪ੍ਰਾਵਧਾਨਾਂ ਆਧੀਨ ਗਸ਼ਟਰੀ ਭੁਗਤਾਨ ਕਾਰਪੋਰੇਸ਼ਨ ਆਫ਼ ਇੰਡੀਆ।

9. ''**ਸੀਮਾਵਾਂ**'' ਦਾ ਅਰਥ ਹੋਏਗਾ, ਸਮੇਂ ਸਮੇਂ ਰਿਜ਼ਰਵ ਬੈਂਕ ਆਫ਼ ਇੰਡੀਆ ਰਾਹੀਂ ਤੈਅ ਕੀਤੀਆਂ ਗਈਆਂ, ਕਿਸੇ ਵੀ ਧਾਰਕ ਨੂੰ ਇਸ਼ੂ ਕੀਤੇ ਗਏ, ਭਾਰਤੀ ਰੁਪਈਆਂ ਦੇ ਮੁੱਲ ਵਿੱਚ ਦਰਸਾਏ ਗਏ ਇਸ ਪ੍ਰਕਾਰ ਦੇ ਦਸਤਾਵੇਜ਼ਾਂ ਦੀਆਂ ਅਧਿਕਤਮ ਸੀਮਾਵਾਂ।

10. ''**ਮੋਬਾਈਲ ਨੰਬਰ**'' ਦਾ ਅਰਥ ਹੋਏਗਾ ਆਵੇਦਨ ਦੇ ਨਾਲ ਰਜਿਸਟ੍ਰੇਸ਼ਨ ਕਰਨ ਵੇਲੇ ਵਰਤੋਂਕਾਰ ਦੁਆਰਾ ਨਿਰਧਾਰਿਤ ਕੀਤਾ ਗਿਆ ਨੰਬਰ।

11. ''**ਮੋਬਾਈਲ ਫ਼ੋਨ**'' ਦਾ ਅਰਥ ਹੋਏਗਾ ਵੈਧ ਸਿਮ ਕਾਰਡ ਸਹਿਤ ਇਕ ਸਮਾਰਟ ਫ਼ੋਨ ਜਿਸ ਦਾ ਮਾਲਿਕ ਵਰਤੋਂਕਾਰ ਹੋਏਗਾ ਅਤੇ ਉਹ ਯੈੱਸ ਬੈਂਕ ਵੱਲੋਂ ਸਹੂਲਤਾਂ ਦਾ ਲਾਭ ਉਠਾਉਣ ਲਈ ਇਸ ਦੀ ਵਰਤੋਂ ਕਰੇਗਾ।

12. ''**ਨਿੱਜੀ ਜਾਣਕਾਰੀ**'' ਦਾ ਅਰਥ ਹੋਏਗਾ ਵਰਤੋਂਕਾਰ ਬਾਰੇ ਕੋਈ ਵੀ ਐਸੀ ਜਾਣਕਾਰੀ ਜੋ ਉਸ ਨੇ ਲਈਆਂ ਗਈਆਂ ਜਾਂ ਲਈਆਂ ਜਾਣ ਵਾਲੀਆਂ ਸਹੂਲਤਾਂ ਦੇ ਸੰਬੰਧ ਵਿੱਚ ਯੈੱਸ ਬੈਂਕ ਨੂੰ ਪ੍ਰਦਾਨ ਕੀਤੀ ਹੋਵੇ ਅਤੇ/ਜਾਂ ਯੈੱਸ ਬੈਂਕ ਨੇ ਪ੍ਰਾਪਤ ਕੀਤੀ ਹੋਵੇ।

13. ''**ਪੀਪੀਆਈ**'' ਦਾ ਅਰਥ ਹੋਏਗਾ ਮਾਸਟਰ ਡਾਇਰੈਕਸ਼ਨ ਆਨ ਇਸ਼ੂਏਂਸ ਐਂਡ ਆਪ੍ਰੇਸ਼ਨ ਆਫ਼ ਪ੍ਰੀਪੇਡ ਪੇਮੈਂਟ ਇੰਸਟ੍ਰੂਮੇਂਟਸ, ਮਿਤੀ 11 ਅਕਤੂਬਰ, 2017, ਜਿਵੇਂ ਕਿ ਉਹ ਸਮੇਂ ਸਮੇਂ ਸੰਸ਼ੋਧਤ ਕੀਤੇ ਜਾਣ ਦੇ ਅਨੁਸਾਰ ਭੁਗਤਾਨ ਦਸਤਾਵੇਜ਼, ਜੋ ਐਸੇ ਦਸਤਾਵੇਜ਼ਾਂ 'ਤੇ ਸਟੋਰ ਕੀਤੇ ਮੁੱਲ ਦੇ ਵਿਰੁੱਧ, ਮਾਲ ਅਤੇ ਸੇਵਾਵਾਂ, ਬਸ਼ਮੂਲ ਵਿੱਤੀ ਸੇਵਾਵਾਂ ਪੈਸਾ ਭੇਜਣ ਦੀਆਂ ਸਹੂਲਤਾਂ ਆਦਿ ਦੀ ਖ਼ਰੀਦਾਰੀ ਕਰਨ ਵਿੱਚ ਸਹਾਈ ਹੁੰਦੇ ਹਨ।

14. ''**ਟ੍ਰਾਂਜ਼ੈਕਸ਼ਨ**'' ਦਾ ਅਰਥ ਹੋਏਗਾ ਫ਼ੰਡ ਟ੍ਰਾਂਸਫ਼ਰ ਸਰਵਿਸ ਜਾਂ ਮਰਚੈਂਟ ਵੇਬਸਾਈਟਾਂ 'ਤੇ ਵੱਖ-ਵੱਖ ਉਤਪਾਦਾਂ ਅਤੇ ਸੇਵਾਵਾਂ ਦੇ ਭੁਗਤਾਨ ਲਈ ਐਪਲੀਕੇਸ਼ਨ ਦੀ ਵਰਤੋਂ ਜਾ ਸਮੇਂ ਸਮੇਂ ਯੈੱਸ ਬੈਂਕ ਰਾਹੀਂ ਐਪਲੀਕੇਸ਼ਨ ਦੁਆਰਾ ਪੇਸ਼ ਕੀਤੀਆਂ ਗਈਆਂ ਸਹੂਲਤਾਂ ਲਈ।

15. ''**ਵਰਤੋਂਕਾਰ**'' ਦਾ ਅਰਥ ਹੋਏਗਾ ਯੈੱਸ ਬੈਂਕ ਦਾ ਕੋਈ ਖਾਤਾ ਧਾਰਕ ਅਤੇ ਕੋਈ ਵੀ ਹੋਰ ਵਿਅਕਤੀ (ਜੋ ਯੈੱਸ ਬੈਂਕ ਦਾ ਮੌਜੂਦਾ ਗਾਹਕ ਨਾ ਹੋਵੇ ਅਤੇ ਨਾ ਹੀ ਉਸ ਦਾ ਕੋਈ ਵਪਾਰਕ ਸੰਬੰਧ ਯੈੱਸ ਬੈਂਕ ਨਾਲ ਹੋਵੇ) ਜਿਸ ਨੇ ਐਪਲੀਕੇਸ਼ਨ ਲਈ ਰਜਿਸਟਰ ਕਰਾਇਆ ਹੋਵੇ ਅਤੇ ਜੋ ਸਹੂਲਤਾਂ ਦਾ ਫ਼ਾਇਦਾ ਉਠਾਉਣ ਦਾ ਪਾੱਤਰ ਹੋਵੇ।

16. ''**ਯੂਪੀਆਈ**'' ਦਾ ਅਰਥ ਹੋਏਗਾ ਯੂਨੀਫ਼ਾਈਡ ਪੇਮੈਂਟ ਇੰਟਰਫ਼ੇਸ, ਮੋਬਾਈਲ ਡਿਵਾਈਸ/ਐਪਲੀਕੇਸ਼ਨ ਪੇਮੈਂਟ ਸਿਸਟਮ ਨਾਲ ਇਕ ਫ਼ੌਰਨ ਰੀਅਲ-ਟਾਈਮ ਮਨੀ ਟ੍ਰਾਂਸਫ਼ਰ ਜਿਸ ਨੂੰ ਭਾਰਤ ਵਿੱਚ ਮਜ਼ਬੂਤ ਭੁਗਤਾਨ ਅਤੇ ਨਿਪਟਾਰਾ ਬੁਨਿਆਦੀ ਢਾਂਚਾ ਪੈਦਾ ਕਰਨ ਲਈ, ਭੁਗਤਾਨ ਅਤੇ ਨਿਪਟਾਰਾ ਪ੍ਰਣਾਲੀਆਂ ਐਕਟ, 2007 ਦੇ ਪ੍ਰਾਵਧਾਨਾਂ ਅਧੀਨ ਰਾਸ਼ਟਰੀ ਭੁਗਤਾਨ ਕਾਰਪੋਰੇਸ਼ਨ ਆਫ਼ ਇੰਡੀਆ ਨੇ ਵਿਕਸਿਤ ਕੀਤਾ ਹੈ, ਜੋ ਕਿ ਭਾਰਤ ਵਿੱਚ ਪ੍ਰਚੂਨ ਭੁਗਤਾਨ ਅਤੇ ਨਿਪਟਾਰਾ ਪ੍ਰਣਾਲੀਆਂ ਦਾ ਪ੍ਰਚਾਲਨ ਕਰਨ ਲਈ ਇਕ ਛਤਰੀ ਸੰਗਠਨ ਹੈ।

17. ''ਵੀਪੀਏ'' ਦਾ ਅਰਥ ਹੋਏਗਾ ਵਰਚੂਅਲ ਪੇਮੈਂਟ ਐਡਰੈੱਸ, ਜੋ ਯੂਪੀਆਈ ਦੇ ਭਾਗ ਵਜੋਂ ਇਸ਼ੂ ਕੀਤਾ ਜਾਂਦਾ ਹੈ।

18. ''ਵਰਚੂਅਲ ਕਾਰਡ'' ਦਾ ਅਰਥ ਹੋਏਗਾ ਐਪਲੀਕੇਸ਼ਨ ਦੇ ਅੰਦਰਵਾਰ ਯੈੱਸ ਬੈਂਕ ਰਾਹੀਂ ਇਸ਼ੂ ਕੀਤਾ ਗਿਆ ਇਕ ਵਰਚੂਅਲ ਕਾਰਡ।

19. ''ਕ੍ਰੈਡਿਟ ਕਾਰਡ'' ਦਾ ਅਰਥ ਹੋਏਗਾ ਯੈੱਸ ਬੈਂਕ ਵੈਬਸਾਈਟ 'ਤੇ ਬਿਆਨੇ ਗਏ ਨਿਯਮਾਂ ਅਤੇ ਸ਼ਰਤਾਂ ਦੇ ਤਹਿਤ ਯੈੱਸ ਬੈਂਕ ਰਾਹੀਂ ਇਸ਼ੂ ਕੀਤਾ ਗਿਆ ਕ੍ਰੈਡਿਟ ਕਾਰਡ।

20. ''ਟ੍ਰੈਵਲ ਕਾਰਡ'' ਦਾ ਅਰਥ ਹੋਏਗਾ ਯੈੱਸ ਬੈਂਕ ਵੈਬਸਾਈਟ 'ਤੇ ਬਿਆਨੇ ਗਏ ਨਿਯਮਾਂ ਅਤੇ ਸ਼ਰਤਾਂ ਦੇ ਤਹਿਤ ਯੈੱਸ ਬੈਂਕ ਰਾਹੀਂ ਇਸ਼ੂ ਕੀਤਾ ਗਿਆ ਮਲਟੀ ਕਰੰਸੀ ਪ੍ਰੀ-ਪੇਡ ਇੰਸਟ੍ਰੂਮੈਂਟ।

21. ''ਸੇਵਡ ਕਾਰਡ'' ਦਾ ਅਰਥ ਹੋਏਗਾ ਵਰਤੋਂਕਾਰ ਦੁਆਰਾ ਯੈੱਸ ਪੇ 'ਤੇ ਸੇਵ ਕੀਤੇ ਡੈਬਿਟ/ਕ੍ਰੈਡਿਟ ਕਾਰਡ ਦੇ ਵੇਰਵੇ।

22. ''ਆਟੋ-ਰੀਫ਼ਿਲ'' ਦਾ ਅਰਥ ਹੋਏਗਾ ਵਾਲਿਟ ਦੀ ਆਟੋ-ਲੋਡਿੰਗ ਕਰਨ ਲਈ ਸਹੂਲਤ।

**ਬੀ.** ''**ਪਾੱਤਰਤਾ ਅਤੇ ਵਰਤੋਂ**'':

1. ਸਹੂਲਤਾਂ ਭਾਰਤ ਵਿੱਚ ਸਥਾਨਕ ਸਾਰੇ ਵਰਤੋਂਕਾਰਾਂ ਲਈ ਉਪਲਬਧ ਹੋਣਗੀਆਂ, ਬਸ਼ਰਤੇ ਕਿ ਐਸੇ ਵਰਤੋਂਕਾਰਾਂ ਕੋਲ ਭਾਰਤ ਦੇ ਇਲਾਕੇ ਦੇ ਅੰਦਰਵਾਰ ਕਿਸੇ ਟੈਲੀਕਾਮ ਕੰਪਨੀ ਨਾਲ ਰਜਿਸਟਰਡ ਵੈਧ ਮੋਬਾਈਲ ਨੰਬਰ ਹੋਵੇ ਅਤੇ ਉਹ ਲੋੜੀਂਦੇ ਪਰਿਚੈਪੱਤਰਾਂ ਨੂੰ ਪ੍ਰਮਾਣਿਤ ਕਰ ਸਕਣ ਦੇ ਯੋਗ ਹੋਣ, ਬਸ਼ਮੂਲ ਪਰ ਇਸੇ ਤਕ ਹੀ ਸੀਮਿਤ ਨਹੀਂ, ਅਤੇ ਸਹੂਲਤਾਂ ਦਾ ਲਾਭ ਉਠਾਉਣ ਲਈ ਨਿੱਜੀਕ੍ਰਿਤ ਪਾਸਕੋਡ ਸਥਾਪਿਤ ਕਰ ਸਕਦੇ ਹੋਣ।

2. ਸਹੂਲਤਾਂ ਸਿਰਫ਼ ਉਸੇ ਵਰਤੋਂਕਾਰ ਨੂੰ ਉਪਲਬਧ ਕਰਾਈਆਂ ਜਾਣਗੀਆਂ ਜੋ ਇੱਥੇ ਬਿਆਨੇ ਪਾੱਤਰਤਾ ਮਾਪਦੰਡ 'ਤੇ ਖਰਾ ਉੱਤਰਦਾ ਹੋਵੇ ਅਤੇ ਇਹ ਕਾਰਵਾਈ ਯੈੱਸ ਬੈਂਕ ਦੀ ਇਕਹਿਰੀ ਇੱਛਾ ਅਨੁਸਾਰ ਕੀਤੀ ਜਾਏਗੀ। ਵਰਤੋਂਕਾਰ ਇਹ ਮੰਨਦਾ ਅਤੇ ਪੁਸ਼ਟੀ ਕਰਦਾ ਹੈ ਕਿ ਯੈੱਸ ਬੈਂਕ ਕਿਸੇ ਵੀ ਸਮੇਂ, ਬਿਨਾ ਵਰਤੋਂਕਾਰ ਨੂੰ ਸੂਚਨਾ ਜਾਂ ਜਾਣਕਾਰੀ ਦੇਣ ਦੇ, ਸਹੂਲਤਾਂ ਨੂੰ ਬੰਦ ਕਰ ਸਕਦਾ ਹੈ।

**ਸੀ. ਅਧਿਕਾਰੀਕਰਨ:**

1. ਵਰਤੋਂਕਾਰ ਅਟੱਲ ਰੂਪ ਵਿੱਚ ਅਤੇ ਬੇਸ਼ਰਤ ਯੈੱਸ ਬੈਂਕ ਨੂੰ ਅਧਿਕਾਰ ਦਿੰਦਾ ਹੈ ਕਿ ਉਹ ਵਰਤੋਂਕਾਰ ਦੇ ਖਾਤੇ (ਤਿਆਂ) ਅਤੇ ਨਿੱਜੀ ਵਿਵਰਨ ਤਕ ਕਿਸੇ ਵੀ ਵੇਲੇ ਪਹੁੰਚ ਸਕੇ ਜੋ ਕਿ ਵਰਤੋਂਕਾਰ ਨੇ ਰਜਿਸਟ੍ਰੇਸ਼ਨ ਅਤੇ ਆਵੇਦਨ ਦੇ ਪ੍ਰਮਾਣੀਕਰਨ ਵੇਲੇ ਜਾਂ ਯੈੱਸ ਬੈਂਕ ਵੱਲੋਂ ਸਹੂਲਤਾਂ ਦਾ ਲਾਭ ਉਠਾਉਣ ਲਈ ਟ੍ਰਾਂਜ਼ੈਕਸ਼ਨ ਦੌਰਾਨ ਪ੍ਰਦਾਨ ਕੀਤਾ ਹੋਵੇ।

2. ਵਰਤੋਂਕਾਰ ਪ੍ਰਗਟ ਰੂਪ ਵਿੱਚ, ਅਟੱਲ ਤੌਰ 'ਤੇ ਅਤੇ ਬੇਸ਼ਰਤ ਯੈੱਸ ਬੈਂਕ ਨੂੰ ਅਧਿਕਾਰ ਦਿੰਦਾ ਹੈ ਕਿ ਉਹ ਕਿਸੇ ਵੀ ਸੇਵਾ ਪ੍ਰਦਾਤਾ ਜਾਂ ਕਿਸੇ ਵੀ ਤੀਜੀ ਪਾਰਟੀ ਨੂੰ ਆਪਣੇ ਪਾਸ ਮੌਜੂਦ ਵਰਤੋਂਕਾਰ ਬਾਰੇ ਸਾਰੀ ਜਾਣਕਾਰੀ, ਜਿਵੇਂ ਕਿ ਯੈੱਸ ਬੈਂਕ ਨੂੰ ਲੋੜੀਂਦੀ ਹੋਵੇ, ਬਿਨਾ ਵਰਤੋਂਕਾਰ ਨੂੰ ਕਿਸੇ ਨੋਟਿਸ *(ਮੌਖਿਕ ਜਾਂ ਲਿਖਿਤ)* ਜਾਂ ਉਸ ਦੀ ਰਜ਼ਾਮੰਦੀ ਦੇ, ਪ੍ਰਗਟ ਕਰ ਸਕੇ।

3. ਵਰਤੋਂਕਾਰ ਪ੍ਰਗਟ ਰੂਪ ਵਿੱਚ, ਅਟੱਲ ਤੌਰ 'ਤੇ ਅਤੇ ਬੇਸ਼ਰਤ ਯੈੱਸ ਬੈਂਕ ਨੂੰ ਅਧਿਕਾਰ ਦਿੰਦਾ ਹੈ ਕਿ ਉਹ ਵਰਤੋਂਕਾਰ ਅਤੇ ਟ੍ਰਾਂਜ਼ੈਕਸ਼ਨਾਂ ਦਾ ਵੇਰਵਾ ਯੈੱਸ ਬੈਂਕ ਦੀ ਇਕਹਿਰੀ ਇੱਛਾ ਅਨੁਸਾਰ, ਨਿਸ਼ਚਿਤ ਕੀਤੇ ਸਮੇਂ ਅਤੇ ਮਿਆਦ ਲਈ ਰਿਕਾਰਡ ਕਰ ਸਕੇ, ਸੰਭਾਲ ਕੇ, ਸੁਰੱਖਿਅਤ ਰੱਖ ਸਕੇ।

4. ਵਰਤੋਂਕਾਰ ਪ੍ਰਗਟ ਰੂਪ ਵਿੱਚ, ਅਟੱਲ ਤੌਰ 'ਤੇ ਅਤੇ ਬੇਸ਼ਰਤ ਯੈੱਸ ਬੈਂਕ ਅਤੇ/ਜਾਂ ਇਸ ਦੇ ਏਜੰਟਾਂ/ਨੁਮਾਇੰਦਿਆਂ ਨੂੰ ਅਧਿਕਾਰ ਦਿੰਦਾ ਹੈ ਕਿ ਉਹ ਕਿਸੇ ਹੀ ਪ੍ਰੋਮੋਸ਼ਨਲ ਆਫ਼ਰਾਂ ਬਸ਼ਮੂਲ ਕਿਸੇ ਵੀ ਮੌਜੂਦਾ ਉਤਪਾਦਾਂ ਜਾਂ ਸਮੇਂ ਸਮੇਂ ਯੈੱਸ ਬੈਂਕ ਦੁਆਰਾ ਪੇਸ਼ ਕੀਤੇ ਜਾਂ ਲਾਂਚ ਕੀਤੇ ਗਏ ਕਿਸੇ ਵੀ ਨਵੇਂ ਉਤਪਾਦਾਂ ਬਾਰੇ ਜਾਣਕਾਰੀ ਦੇਣ ਲਈ ਜਾਂ ਕੋਈ ਵੀ ਸ਼ੁਭ ਕਾਮਨਾਵਾਂ, ਬੈਨਰ ਜਾਂ ਹੋਰ ਪ੍ਰੋਮੋਸ਼ਨਲ ਸੰਦੇਸ਼ ਭੇਜਣ ਲਈ ਜਿਨ੍ਹਾਂ ਨੂੰ ਯੈੱਸ ਬੈਂਕ ਵਰਤੋਂਕਾਰ ਦੇ ਜਾਣਨ ਲਈ ਮੁਨਾਸਿਬ ਸਮਝੇ, ਵਰਤੋਂਕਾਰ ਦੇ ਮੋਬਾਈਲ ਨੰਬਰ 'ਤੇ ਕੋਈ ਵੀ ਸੰਦੇਸ਼ ਭੇਜ ਸਕਣ ਜਾਂ ਕਾਲ ਕਰ ਸਕਣ।

5. ਵਰਤੋਂਕਾਰ ਪ੍ਰਗਟ ਰੂਪ ਵਿੱਚ, ਅਟੱਲ ਤੌਰ 'ਤੇ ਅਤੇ ਬੇਸ਼ਰਤ ਯੈੱਸ ਬੈਂਕ ਨੂੰ ਅਧਿਕਾਰ ਦਿੰਦਾ ਹੈ ਕਿ ਜੇ ਯੈੱਸ ਬੈਂਕ ਆਪਣੀ ਇਕਹਿਰੀ ਇੱਛਾ ਅਨੁਸਾਰ ਜਾਣ ਜਾਏ ਕਿ ਵਰਤੋਂਕਾਰ ਦੀ ਕੀਤੀ ਗਈ ਬੇਨਤੀ ਸੰਬੰਧਿਤ ਸਹੂਲਤਾਂ ਅਧੀਨ ਯੈੱਸ ਬੈਂਕ ਦੁਆਰਾ ਤੈਅ ਕੀਤੀਆਂ ਲੋੜਾਂ ਦੀ ਅਨੁਸਾਰ ਨਹੀਂ ਹੈ, ਤਾਂ ਉਹ ਕੋਈ ਵੀ ਰੱਦੀਕਰਨ ਸੰਦੇਸ਼ ਭੇਜ ਸਕੇ ਜਾਂ ਕਿਸੇ ਵੀ ਟ੍ਰਾਂਜ਼ੈਕਸ਼ਨ ਦਰਖ਼ਾਸਤ ਨੂੰ ਰੱਦ ਕਰ ਸਕੇ। ਯੈੱਸ ਬੈਂਕ ਰਾਹੀਂ ਕੀਤੇ ਗਏ ਸਭ ਫ਼ੈਸਲੇ ਜਾਇਜ਼ ਅਤੇ ਵਰਤੋਂਕਾਰ ਲਈ ਬੰਧਨਕਾਰੀ ਹੋਣਗੇ।

6. ਵਰਤੋਂਕਾਰ ਅਟੱਲ ਰੂਪ ਵਿੱਚ ਅਤੇ ਬੇਸ਼ਰਤ ਯੈੱਸ ਬੈਂਕ ਨੂੰ ਅਧਿਕਾਰ ਦਿੰਦਾ ਹੈ ਕਿ ਉਹ ਯੈੱਸ ਬੈਂਕ ਵੱਲੋਂ ਪ੍ਰਦਾਨ ਕੀਤੀਆਂ ਜਾ ਰਹੀਆਂ ਜਾਂ ਪ੍ਰਦਾਨ ਕੀਤੀਆਂ ਗਈਆਂ ਸਹੂਲਤਾਂ ਦਾ ਲਾਭ ਉਠਾਉਣ ਲਈ ਯੈੱਸ ਬੈਂਕ ਜਾਂ ਕਿਸੇ ਹੋਰ ਬੈਂਕ ਵਿੱਚ ਰੱਖੇ ਖਾਤੇ (ਤਿਆਂ) ਨੂੰ ਡੈਬਿਟ ਕਰ ਸਕੇ।

7. ਵਰਤੋਂਕਾਰ ਬੇਸ਼ਰਤ ਯੈੱਸ ਬੈਂਕ ਨੂੰ ਅਧਿਕਾਰ ਦਿੰਦਾ ਹੈ ਕਿ ਜੇ ਵਰਤੋਂਕਾਰ ਨੇ ਸੇਵਡ ਕਾਰਡ ਸਹੂਲਤ ਵਰਤਣ ਦਾ ਵਿਕਲਪ ਚੁਣਿਆ ਹੈ ਤਾਂ ਉਹ ਕਾਰਡ ਦੇ ਵੇਰਵੇ ਨੂੰ ਸੇਵ/ਸਟੋਰ ਕਰ ਸਕੇ।

8. ਵਰਤੋਂਕਾਰ ਬੇਸ਼ਰਤ ਯੈੱਸ ਬੈਂਕ ਨੂੰ ਅਧਿਕਾਰ ਦਿੰਦਾ ਹੈ ਕਿ ਜਦ ਵਰਤੋਂਕਾਰ ਇਕ ਵਾਰ ਐਪਲੀਕੇਸ਼ਨ 'ਤੇ ਆਟੋ-ਫਿਲ ਸਹੂਲਤ ਦਾ ਵਿਕਲਪ ਚੁਣ ਲਵੇ, ਤਾਂ ਉਹ ਸੇਵਡ ਕਾਰਡ 'ਤੇ ਡੈਬਿਟ ਕਰਕੇ ਵਾਲਿਟ ਨੂੰ ਲੋਡ ਕਰ ਸਕੇ।

9. ਵਰਤੋਂਕਾਰ ਅਟੱਲ ਰੂਪ ਵਿੱਚ ਬੇਸ਼ਰਤ ਯੈੱਸ ਬੈਂਕ ਨੂੰ ਅਧਿਕਾਰ ਦਿੰਦਾ ਹੈ ਕਿ ਐਨਪੀਸੀਆਈ ਦੇ ਜਾਰੀਸ਼ੁਦਾ ਲਾਗੂ ਮਾਰਗਦਰਸ਼ਨ ਦੇ ਅਨੁਸਾਰੀ ਰੂਪ ਵਿੱਚ, ਯੂਪੀਆਈ ਰਜਿਸਟ੍ਰੇਸ਼ਨ ਦੇ ਭਾਗ ਵਜੋਂ ਵਰਤੋਂਕਾਰ ਦੇ ਮੋਬਾਈਲ ਨੰਬਰ ਤੋਂ ਇਕ ਬਾਹਰਮੁਖੀ ਐਸਐਮਐਸ ਭੇਜ ਸਕੇ।

**ਡੀ. ਵਰਤੋਂਕਾਰ ਵੱਲੋਂ ਪ੍ਰਸਤੁਤੀਕਰਨ ਅਤੇ ਵਾਰੰਟੀਆਂ :**

1. ਵਰਤੋਂਕਾਰ ਸਮਝਦਾ, ਮੰਨਦਾ ਅਤੇ ਪੁਸ਼ਟੀ ਕਰਦਾ ਹੈ ਕਿ ਕੋਈ ਵੀ ਸ਼ਰਤ ਜੋ ਸਹੂਲਤਾਂ ਅਧੀਨ ਕੁਝ ਖ਼ਾਸ ਲਾਭਾਂ ਤਕ ਪਹੁੰਚਣ ਅਤੇ ਉਹਨਾਂ ਨੂੰ ਵਰਤਣ ਲਈ ਇਕ ਪੂਰਬ-ਲੋੜ ਸਥਾਪਿਤ ਹੈ, ਬਸ਼ਮੂਲ ਪਰ ਇਹਨਾਂ ਤਕ ਹੀ ਸੀਮਿਤ ਨਹੀਂ ਫ਼ੇਸਬੁਕ ਅਕਾਊਂਟ, ਮੋਬਾਈਲ ਫ਼ੋਨ, ਡੇਟਾ ਕਨੈਕਸ਼ਨ ਆਦਿ, ਵਰਤੋਂਕਾਰ ਦੀ ਇਕਹਿਰੀ ਇੱਛਾ ਤੇ ਜ਼ਿੰਮੇਵਾਰੀ ਹੋਏਗੀ।

2. ਵਰਤੋਂਕਾਰ ਮੰਨਦਾ, ਪੁਸ਼ਟੀਕਰਦਾ ਅਤੇ ਸਵੀਕਾਰ ਕਰਦਾ ਹੈ ਕਿ ਵਰਤੋਂਕਾਰ ਦੁਆਰਾ ਕੀਤੀਆਂ ਟ੍ਰਾਂਜ਼ੈਕਸ਼ਨਾਂ ਜਾਂ ਲਈਆਂ ਗਈਆਂ ਸਹੂਲਤਾਂ ਦੇ ਸੰਬੰਧ ਵਿੱਚ ਯੈੱਸ ਬੈਂਕ ਦੁਆਰਾ ਪੈਦਾ ਕੀਤੇ, ਰੱਖੇ ਅਤੇ ਸੰਭਾਲੇ ਗਏ ਸਭ ਰਿਕਾਰਡ, ਡੇਟਾ ਅਤੇ ਵੇਰਵੇ ਟ੍ਰਾਂਜ਼ੈਕਸ਼ਨਾਂ ਦੀ ਵਾਸਤਵਿਕਤਾ ਅਤੇ ਸਹੀਪਣ ਦਾ ਨਿਰਨਾਇਕ ਪ੍ਰਮਾਣ ਹੋਣਗੇ।

3. ਵਰਤੋਂਕਾਰ ਮੰਨਦਾ, ਪੁਸ਼ਟੀ ਕਰਦਾ ਅਤੇ ਸਵੀਕਾਰ ਕਰਦਾ ਹੈ ਕਿ ਯੈੱਸ ਬੈਂਕ ਦੁਆਰਾ ਪੈਦਾ ਕੀਤੇ, ਰੱਖੇ ਅਤੇ ਸੰਭਾਲੇ ਗਏ ਸਭ ਰਿਕਾਰਡ, ਡੇਟਾ ਅਤੇ ਵੇਰਵੇ ਜਾਇਜ਼ ਅਤੇ ਵਰਤੋਂਕਾਰ ਉੱਤੇ ਬੰਧਨਕਾਰੀ ਹੋਣਗੇ, ਬਿਨਾ ਕਿਸੇ ਵੀ ਤਰ੍ਹਾਂ ਦੇ ਦਾਅਵੇ, ਵਿਵਾਦ ਜਾਂ ਇਤਰਾਜ਼ ਦੇ।

4. ਵਰਤੋਂਕਾਰ ਅਟੱਲ ਰੂਪ ਵਿੱਚ, ਬੇਸ਼ਰਤ ਮੰਨਦਾ ਅਤੇ ਸਵੀਕਾਰ ਕਰਦਾ ਹੈ ਕਿ ਯੈੱਸ ਬੈਂਕ ਅਤੇ/ਜਾਂ ਉਸ ਦੇ ਏਜੰਟਾਂ/ਨੁਮਾਇੰਦਿਆਂ ਦੁਆਰਾ ਕੀਤੀਆਂ ਸਭ ਕਾਲਾਂ ਜਾਂ ਭੇਜੇ ਗਏ ਸੰਦੇਸ਼ਾਂ ਨੂੰ ਵਰਤੋਂਕਾਰ ਦੀ ਪ੍ਰਾਇਵੇਸੀ ਦੀ ਉਲੰਘਣਾ ਨਹੀਂ ਸਮਝਿਆ ਜਾਏਗਾ ਅਤੇ ਵਰਤੋਂਕਾਰ ਯੈੱਸ ਬੈਂਕ ਅਤੇ/ਜਾਂ ਉਸ ਦੇ ਏਜੰਟਾਂ/ਨੁਮਾਇੰਦਿਆਂ ਨੂੰ ਇਸ ਸੰਬੰਧ ਵਿੱਚ ਐਸੀ ਕਾਰਵਾਈ ਲਈ ਦੇਣਦਾਰ ਜਾਂ ਜ਼ਿੰਮੇਵਾਰ ਨਹੀਂ ਸਮਝੇਗਾ।

5. ਵਰਤੋਂਕਾਰ ਪ੍ਰਗਟ ਰੂਪ ਵਿੱਚ ਮੰਨਦਾ ਅਤੇ ਪੁਸ਼ਟੀ ਕਰਦਾ ਹੈ ਕਿ ਐਪਲੀਕੇਸ਼ਨ ਦੁਆਰਾ ਵਰਤੋਂਕਾਰ ਲਈ ਅਤੇ/ਜਾਂ ਉਸ ਦੀ ਬੇਨਤੀ 'ਤੇ ਸਭ ਦਰਖ਼ਾਸਤ(ਤਾਂ) ਜਾਂ ਟ੍ਰਾਂਜ਼ੈਕਸ਼ਨ(ਨਾਂ) 'ਤੇ ਯੈੱਸ ਬੈਂਕ ਰਾਹੀਂ ਪੂਰੀ ਕਾਰਵਾਈ ਕੀਤੀ ਜਾਏਗੀ ਬਿਨਾ ਯੈੱਸ ਬੈਂਕ ਉੱਤੇ ਕਿਸੇ ਬੰਧਨ ਦੇ ਕਿ ਉਹ ਵਰਤੋਂਕਾਰ ਵੱਲੋਂ ਮਿਲੀ ਕਿਸੇ ਵੀ ਐਸੀ ਬੇਨਤੀ ਜਾਂ ਟ੍ਰਾਂਜ਼ੈਕਸ਼ਨ ਦੀ ਵਾਸਤਵਿਕਤਾ ਦੀ ਪੁਸ਼ਟੀ ਕਰੇ।

6. ਯੈੱਸ ਬੈਂਕ ਕੋਲ ਇਹ ਵਿਕਲਪ ਹੋਏਗਾ ਕਿ ਉਹ ਇਸ ਸਹੂਲਤ ਦੁਆਰਾ, ਸਮੇਂ ਸਮੇਂ, ਨਵੀਆਂ ਸੇਵਾਵਾਂ ਜਾਰੀ ਕਰ ਸਕੇ ਅਤੇ ਵਰਤੋਂਕਾਰ ਬਾਰੇ ਇਹ ਸਮਝ ਲਿਆ ਜਾਏਗਾ ਕਿ ਉਸ ਨੇ ਪ੍ਰਗਟ ਰੂਪ ਵਿੱਚ ਯੈੱਸ ਬੈਂਕ ਨੂੰ ਅਧਿਕਾਰ ਦਿੱਤਾ ਹੈ ਕਿ ਉਹ ਐਸੀਆਂ ਨਵੀਆਂ ਸੇਵਾਵਾਂ ਲਈ ਵਰਤੋਂਕਾਰ ਨੂੰ ਰਜਿਸਟਰ ਕਰ ਸਕੇ।

7. ਵਰਤੋਂਕਾਰ ਰਿਜ਼ਰਵ ਬੈਂਕ ਆਫ਼ ਇੰਡੀਆ (''ਆਰਬੀਆਈ'') ਦੁਆਰਾ, ਸਮੇਂ ਸਮੇਂ, ਤੈਅ ਕੀਤੇ ਗਏ ਲਾਗੂ ਐਂਟੀ-ਮਨੀ ਲਾਂਡਰਿੰਗ (ਏਐਮਐਲ) ਮਾਪਦੰਡਾਂ ਦੀ ਪਾਲਣਾ ਕਰੇਗਾ।

8. ਜੇ ਵਰਤੋਂਕਾਰ ਨੂੰ ਸ਼ਕ ਹੋਵੇ ਕਿ ਯੈੱਸ ਬੈਂਕ ਨੂੰ ਪ੍ਰਦਾਨ ਕੀਤੀ ਗਈ ਜਾਣਕਾਰੀ ਵਿੱਚ ਕੋਈ ਗਲਤੀ ਜਾਂ ਅੰਤਰ ਹੈ, ਤਾਂ ਵਰਤੋਂਕਾਰ ਐਸੀਆਂ ਗਲਤੀਆਂ ਅਤੇ ਅੰਤਰਾਂ ਬਾਰੇ ਫ਼ੌਰਨ ਲਿਖਤੀ ਰੂਪ ਵਿੱਚ ਯੈੱਸ ਬੈਂਕ ਨੂੰ ਸੂਚਿਤ ਕਰੇਗਾ। ਯੈੱਸ ਬੈਂਕ ਜਿੱਥੇ ਵੀ ਸੰਭਵ ਹੋਵੇ, ਬਿਹਤਰੀਨ ਪ੍ਰਯਤਨ ਦੇ ਆਧਾਰ 'ਤੇ ਐਸੀ ਗਲਤੀ ਜਾਂ ਅੰਤਰ ਨੂੰ ਦਰੁਸਤ ਕਰਨ ਦਾ ਯਤਨ ਕਰੇਗਾ।

9. ਵਰਤੋਂਕਾਰ ਇਹ ਸਵੀਕਾਰ ਕਰਦਾ ਹੈ ਕਿ ਵਰਤੋਂਕਾਰ ਰਾਹੀਂ ਯੈੱਸ ਬੈਂਕ ਕੋਲ ਰਜਿਸਟਰ ਕਰਾਏ ਗਏ ਮੋਬਾਈਲ ਫ਼ੋਨ ਜਾਂ ਮੋਬਾਈਲ ਫ਼ੋਨ ਤੋਂ ਕੀਤੀ ਗਈ ਕਿਸੇ ਵੀ ਟ੍ਰਾਂਜ਼ੈਕਸ਼ਨ ਨੂੰ ਸਿਰਫ਼ ਵਰਤੋਂਕਾਰ ਵੱਲੋਂ ਉਸ ਦੀ ਖੁਲ੍ਹੀ ਮਰਜ਼ੀ, ਰਜ਼ਾਮੰਦੀ ਅਤੇ ਇਕਹਿਰੀ ਇੱਛਾ ਅਨੁਸਾਰ ਸ਼ੁਰੂ ਕੀਤੀ ਸਮਾਇਆ ਜਾਏਗਾ।

10. ਇਹ ਵਰਤੋਂਕਾਰ ਦੀ ਜ਼ਿੰਮੇਵਾਰੀ ਹੋਏਗੀ ਕਿ ਜੇ ਉਸ ਨੂੰ ਆਪਣੇ ਖਾਤੇ ਵਿੱਚ ਕਿਸੇ ਵੀ ਅਨਾਧਕ੍ਰਿਤ ਟ੍ਰਾਂਜ਼ੈਕਸ਼ਨ ਦਾ ਪਤਾ ਲਗਦਾ ਹੈ, ਤਾਂ ਉਹ ਯੈੱਸ ਬੈਂਕ ਨੂੰ ਸੂਚਿਤ ਕਰੇਗਾ।

11. ਵਰਤੋਂਕਾਰ ਸਵੀਕਾਰ ਕਰਦਾ ਅਤੇ ਪੁਸ਼ਟੀ ਕਰਦਾ ਹੈ ਕਿ ਸਹੂਲਤਾਂ ਦੀ ਵਰਤੋਂ ਕਰਦੇ ਹੋਇਆਂ, ਇਹ ਸਮਝਿਆ ਜਾਏਗਾ ਕਿ ਉਹਨੇ ਸਮੇਂ ਸਮੇਂ, ਯੈੱਸ ਬੈਂਕ ਦੇ ਤੈਅ ਕੀਤੇ ਇੱਥੇ ਬਿਆਨੇ ਗਏ ਸਾਰੇ ਐਸੇ ਨਿਯਮਾਂ ਅਤੇ ਸ਼ਰਤਾਂ ਨੂੰ ਸਵੀਕਾਰ ਕੀਤਾ ਹੈ, ਅਤੇ ਇਹ ਵਰਤੋਂਕਾਰ ਉੱਤੇ ਇਸ ਤਰ੍ਹਾਂ ਬੰਧਨਕਾਰੀ ਹੋਣਗੇ ਜਿਵੇਂ ਉਸ ਨੇ ਇਹਨਾਂ ਨੂੰ ਲਿਖਤੀ ਰੂਪ ਵਿੱਚ ਮੰਨਿਆ ਹੈ।

12. ਸਹੂਲਤਾਂ ਅਧੀਨ ਸਾਰੇ ਮਨੋਰਥਾਂ ਲਈ, ਵਰਤੋਂਕਾਰ ਸਹੂਲਤਾਂ ਰਾਹੀਂ ਪੇਸ਼ ਕੀਤੀ ਗਈ ਐਪਲੀਕੇਸ਼ਨ ਦੀ ਕਿਸੇ ਵੀ ਅਨਾਧਕ੍ਰਿਤ ਅਤੇ ਗੈਰਕਾਨੂੰਨੀ ਵਰਤੋਂ ਨੂੰ ਰੋਕਣ ਲਈ ਸਾਰੀਆਂ ਜ਼ਰੂਰੀ ਸਾਵਧਾਨੀਆਂ ਵਰਤੇਗਾ।

13. ਵਰਤੋਂਕਾਰ ਪਾਸਕੋਡ/ਓਟੀਪੀ/ਕੋਡ/ਪਾਸਵਰਡ ਦੀ ਭੇਤਦਾਰੀ ਬਣਾਈ ਰੱਖਣ ਲਈ ਅਤੇ ਐਸੇ ਪਾਸਕੋਡ/ਓਟੀਪੀ/ਕੋਡ/ਪਾਸਵਰਡ ਦੇ ਉਪਯੋਗ ਜਾਂ ਦੁਰਉਪਯੋਗ ਦੇ ਸਾਰੇ ਨਤੀਜਿਆਂ ਲਈ ਜ਼ਿੰਮੇਵਾਰ ਹੋਏਗਾ।

14. ਵਰਤੋਂਕਾਰ ਸਹੂਲਤਾਂ ਦੀ ਵਰਤੋਂ ਕਰਦੇ ਹੋਇਆਂ ਅਗਲੀ ਤਰ੍ਹਾਂ ਦੇ ਕਿਸੇ ਵੀ ਵਿਸ਼ਾ-ਵਸਤੂ ਨੂੰ ਅਪਲੋਡ, ਡਾਊਨਲੋਡ, ਪੋਸਟ ਜਾਂ ਉਂਜ ਸੰਚਾਰਿਤ ਨਹੀਂ ਕਰੇਗਾ- ਗੈਰਕਾਨੂੰਨੀ, ਹਾਨੀਕਾਰਕ, ਧਮਕੀਦਾਰ, ਗਾਲੀ-ਗਲੋਚ, ਲੱਚਰ, ਪਰੇਸ਼ਾਨਕਾਰਕ, ਹੱਤਕਕਾਰੀ, ਅਸ਼ਲੀਲ, ਅਸ਼ਲੀਲ ਕਲਾ, ਧਰਮਨਿੰਦਕੀ, ਅਸ਼ੋਭਨੀਕ, ਭੜਕਾਊ, ਅਪਮਾਨਜਨਕ, ਮੁਜਰਮਾਨਾ, ਘਿਰਨਾਜਨਕ, ਜਾਤੀਗਤ ਤੌਰ 'ਤੇ, ਨਸਲੀ ਤੌਰ 'ਤੇ, ਸਮਾਜਕ ਰੂਪ ਵਿੱਚ, ਰਾਜਨੀਤਕ ਰੂਪ ਵਿੱਚ, ਕਾਨੂੰਨੀ ਤੌਰ 'ਤੇ, ਨੈਤਕ ਰੂਪ ਵਿੱਚ, ਧਾਰਮਿਕ ਰੂਪ ਵਿੱਚ ਇਤਰਾਜ਼ਯੋਗ ਹੋਵੇ, ਜਾਂ ਉਂਜ ਕਿਸੇ ਹੋਰ ਦੇ ਹੱਕਾਂ ਪ੍ਰਤੀ ਇਤਰਾਜ਼ਯੋਗ ਜਾਂ ਆਕ੍ਰਮਣਕਾਰੀ ਹੋਵੇ, ਬਸ਼ਮੂਲ ਪਰ ਇਸੇ ਤਕ ਹੀ ਸੀਮਿਤ ਨਹੀਂ, ਕਿਸੇ ਨਾਮਵਰ, ਜਾਂ ਉਹਨਾਂ ਦੀ ਪ੍ਰਾਇਵੇਸੀ ਜਾਂ ਬੌਧਿਕ ਸੰਪਤੀ ਪ੍ਰਤੀ ਅਪਮਾਨਜਨਕ ਹੋਵੇ।

15. ਵਰਤੋਂਕਾਰ ਮੰਨਦਾ, ਪੁਸ਼ਟੀ ਕਰਦਾ ਅਤੇ ਸਵੀਕਾਰ ਕਰਦਾ ਹੈ ਕਿ ਯੈੱਸ ਬੈਂਕ ਆਪਣੀ ਇਕਹਿਰੀ ਇੱਛਾ ਅਨੁਸਾਰ ਸਭ ਟ੍ਰਾਂਜ਼ੈਕਸ਼ਨਾਂ ਦਾ ਰਿਕਾਰਡ ਕਿਸੇ ਵੀ ਰੂਪ ਵਿੱਚ ਅਤੇ ਕਿਸੇ ਵੀ ਤਰ੍ਹਾਂ ਆਪਣੇ ਪਾਸ ਰੱਖ ਸਕਦਾ ਹੈ। ਕਿਸੇ ਵੀ ਵਿਵਾਦ ਦੇ ਮਾਮਲੇ ਵਿੱਚ, ਯੈੱਸ ਬੈਂਕ ਦੇ ਰਿਕਾਰਡ ਬੰਧਨਕਾਰੀ ਅਤੇ ਐਪਲੀਕੇਸ਼ਨ ਰਾਹੀਂ ਕੀਤੀਆਂ ਗਈਆਂ ਐਸੀਆਂ ਟ੍ਰਾਂਜ਼ੈਕਸ਼ਨਾਂ ਦਾ ਫ਼ੈਸਲਾਕੁਨ ਪ੍ਰਮਾਣ ਹੋਣਗੇ।

16. ਵਰਤੋਂਕਾਰ ਯੈੱਸ ਬੈਂਕ ਦੁਆਰਾ ਅਧਿਕਾਰਿਤ ਬਣਾਏ ਗਏ ਤਰੀਕੇ ਤੋਂ ਬਿਨਾ ਕਿਸੇ ਵੀ ਹੋਰ ਤਰੀਕੇ ਨਾਲ ਐਪਲੀਕੇਸ਼ਨ ਤਕ ਨਾ ਪਹੁੰਚੇਗਾ ਤੇ ਨਾ ਹੀ ਉਸ ਨੂੰ ਵਰਤੇਗਾ। ਜੇ ਵਰਤੋਂਕਾਰ ਐਪਲੀਕੇਸ਼ਨ ਨੂੰ ਕਿਸੇ ਵੀ ਹੋਰ ਮਕਸਦਾਂ ਲਈ ਵਰਤਦਾ ਹੈ ਜਾਂ ਐਸੇ ਮਕਸਦ ਗੈਰਕਾਨੂੰਨੀ, ਅਯੋਗ ਹਨ ਜਾਂ ਇਹਨਾਂ ਦੀ ਇਜਾਜ਼ਤ ਇਹਨਾਂ ਨਿਯਮਾਂ ਅਤੇ ਸ਼ਰਤਾਂ ਅਧੀਨ ਨਹੀਂ ਹੈ, ਤਾਂ ਯੈੱਸ ਬੈਂਕ ਕੋਲ ਇਹ ਅਧਿਕਾਰ ਹੈ ਕਿ ਉਹ ਵਰਤੋਂਕਾਰ ਦੁਆਰਾ ਐਸੀ ਅਨਾਧਕ੍ਰਿਤ ਪਹੁੰਚ ਨੂੰ ਰੋਕਣ ਲਈ ਸਭ ਮੁਨਾਸਬ ਕਦਮ ਉਠਾ ਸਕੇ।

17. ਵਰਤੋਂਕਾਰ ਮੰਨਦਾ ਅਤੇ ਪੁਸ਼ਟੀ ਕਰਦਾ ਹੈ ਕਿ ਐਪਲੀਕੇਸ਼ਨ ਨੂੰ ਸਮੇਂ ਸਮੇਂ ਮੈਨਟੇਨੈਂਸ ਦੀ ਲੋੜ ਪੈ ਸਕਦੀ ਹੈ, ਅਤੇ ਹੋ ਸਕਦਾ ਹੈ ਕਿ ਐਸੇ ਸਮੇਂ ਦੌਰਾਨ ਵਰਤੋਂਕਾਰ ਦੀ ਬੇਨਤੀ ਜਾਂ ਟ੍ਰਾਂਜ਼ੈਕਸ਼ਨ ਦੀ ਪ੍ਰਕਿਰਿਆ ਪੂਰੀ ਕਰਨੀ ਸੰਭਵ ਨਾ ਹੋਵੇ।

18. ਵਰਤੋਂਕਾਰ ਯੈੱਸ ਬੈਂਕ ਰਾਹੀਂ ਉਸ ਨੂੰ ਪੇਸ਼ ਕੀਤੀਆਂ ਜਾਂ ਪ੍ਰਦਾਨ ਕੀਤੀਆਂ ਗਈਆਂ ਸਹੂਲਤਾਂ ਨੂੰ ਵਰਤਣ ਦੇ ਮਤਲਬ ਲਈ, ਵਰਤੋਂਕਾਰ ਦੁਆਰਾ ਯੈੱਸ ਬੈਂਕ ਨੂੰ ਦਿੱਤੀ ਗਈ ਜਾਣਕਾਰੀ ਦੇ ਸਹੀਪਣ ਲਈ ਪੂਰੀ ਜ਼ਿੰਮੇਦਾਰੀ ਲੈਂਦਾ ਹੈ।

**ਈ. ਵਰਤੋਂਕਾਰ ਦੀ ਦੇਣਦਾਰੀ** :

1. ਵਰਤੋਂਕਾਰ ਆਪਣੇ ਵੱਲੋਂ ਯੈੱਸ ਬੈਂਕ ਨੂੰ ਦਿੱਤੀ ਗਈ ਸਾਰੀ ਜਾਂ ਕਿਸੇ ਵੀ ਜਾਣਕਾਰੀ ਦੇ ਸਹੀਪਣ ਲਈ ਇਕੱਲਿਆਂ ਹੀ ਦੇਣਦਾਰ ਅਤੇ ਜ਼ਿੰਮੇਵਾਰ ਹੋਏਗਾ।

2. ਵਰਤੋਂਕਾਰ ਐਪਲੀਕੇਸ਼ਨ ਜਾਂ ਕਿਸੇ ਵੀ ਮਰਚੈਂਟ ਆਪ੍ਰੇਟਰਜ਼/ਯੈੱਸ ਬੈਂਕ ਦੇ ਸੇਵਾ ਪ੍ਰਦਾਤਾਵਾਂ ਦੁਆਰਾ ਇੱਛਿਤ ਜਾਂ ਸਹੀ ਲਾਭ ਪ੍ਰਾਪਤ ਕਰਤਾ ਨੂੰ ਸਭ ਫ਼ੰਡ ਟ੍ਰਾਂਸਫ਼ਰਾਂ ਲਈ ਇਕੱਲਿਆਂ ਹੀ ਦੇਣਦਾਰ ਅਤੇ ਜ਼ਿੰਮੇਵਾਰ ਹੋਏਗਾ।

3. ਵਰਤੋਂਕਾਰ ਐਪਲੀਕੇਸ਼ਨ ਰਾਹੀਂ ਪੇਸ਼ ਕੀਤੀਆਂ ਗਈਆਂ ਸਹੂਲਤਾਂ ਦਾ ਲਾਭ ਉਠਾਉਣ ਲਈ ਖ਼ੁਦ ਵੱਲੋਂ ਯੈੱਸ ਬੈਂਕ ਨੂੰ ਪ੍ਰਦਾਨ ਕੀਤੀ ਗਈ ਜਾਣਕਾਰੀ ਵਿੱਚ ਪਾਏ ਗਏ ਕਿਸੇ ਵੀ ਫ਼ਰਕ ਜਾਂ ਗਲਤੀ ਲਈ ਇਕੱਲਿਆਂ ਹੀ ਦੇਣਦਾਰ ਅਤੇ ਜ਼ਿੰਮੇਵਾਰ ਹੋਏਗਾ।

4. ਵਰਤੋਂਕਾਰ ਯੈੱਸ ਬੈਂਕ ਦੁਆਰਾ ਪ੍ਰਦਾਨ ਕੀਤੀਆਂ ਗਈਆਂ ਜਾਂ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਸਹੂਲਤਾਂ ਨੂੰ ਵਰਤਣ ਲਈ ਲੋੜੀਂਦੇ ਮੋਬਾਈਲ ਫ਼ੋਨ, ਮੋਬਾਈਲ ਨੰਬਰ ਅਤੇ ਪਾਸਵਰਡ ਦੀ ਰੱਖਿਆ ਕਰਨ ਲਈ ਇਕੱਲਿਆਂ ਹੀ ਦੇਣਦਾਰ ਅਤੇ ਜ਼ਿੰਮੇਵਾਰ ਹੋਏਗਾ।

5. ਵਰਤੋਂਕਾਰ ਪਾਸਕੋਡ/ਪਾਸਵਰਡ ਜਾਂ ਐਪਲੀਕੇਸ਼ਨ ਦੀ ਕਿਸੇ ਵੀ ਅਨਾਧਕ੍ਰਿਤ ਜਾਂ ਗੈਰਕਾਨੂੰਨੀ ਵਰਤੋਂ ਜਾਂ ਯੈੱਸ ਬੈਂਕ ਨੂੰ ਦਿੱਤੀ ਕਿਸੇ ਵੀ ਕਪਟੀ ਜਾਂ ਗਲਤ ਹਿਦਾਇਤ ਲਈ ਯੈੱਸ ਬੈਂਕ ਪ੍ਰਤੀ ਇਕੱਲਿਆਂ ਹੀ ਦੇਣਦਾਰ ਅਤੇ ਜ਼ਿੰਮੇਵਾਰ ਹੋਏਗਾ।

6. ਵਰਤੋਂਕਾਰ ਆਪਣੇ ਦੁਆਰਾ ਕੀਤੀ ਕਿਸੇ ਕਿਰਿਆ ਜਾਂ ਅਣਗਹਿਲੀ ਦੇ ਕਾਰਨ ਹੋਏ ਸਾਰੇ ਜਾਂ ਕਿਸੇ ਵੀ ਨੁਕਸਾਨਾਂ ਲਈ ਯੈੱਸ ਬੈਂਕ ਪ੍ਰਤੀ ਇਕੱਲਿਆਂ ਹੀ ਦੇਣਦਾਰ ਅਤੇ ਜ਼ਿੰਮੇਵਾਰ ਹੋਏਗਾ ਅਤੇ ਵਰਤੋਂਕਾਰ ਇਹ ਮੰਨਦਾ ਹੈ ਕਿ ਜੇ ਐਪਲੀਕੇਸ਼ਨ ਵਿੱਚ ਉਸ ਦੇ ਨਾਂ 'ਤੇ ਕੋਈ ਵੀ ਅਨਾਧਕ੍ਰਿਤ ਵਰਤੋਂ/ਪਹੁੰਚ ਕੀਤੀ ਗਈ ਹੈ ਜਾਂ ਓਟੀਪੀ/ਪਾਸਕੋਡ/ਪਾਸਵਰਡ ਦਾ ਦੁਰਉਪਯੋਗ ਕੀਤਾ ਗਿਆ ਹੈ ਜਾਂ ਸਹੂਲਤਾਂ ਦੇ ਸੰਬੰਧ ਵਿੱਚ ਸੁਰੱਖਿਆ ਦਾ ਕੋਈ ਵੀ ਉਲੰਘਣ ਹੋਇਆ ਹੈ ਜਿਸ ਬਾਰੇ ਉਹ ਜਾਣਦਾ ਹੈ ਜਾਂ ਵਿਸ਼ਵਾਸ ਰੱਖਦਾ ਹੈ ਕਿ ਇਹ ਸੱਚ ਹੈ, ਤਾਂ ਉਹ ਫ਼ੌਰਨ ਯੈੱਸ ਬੈਂਕ ਨੂੰ ਸੂਚਿਤ ਕਰੇਗਾ।

7. ਵਰਤੋਂਕਾਰ ਯੈੱਸ ਬੈਂਕ ਨੂੰ ਕੀਤੀ ਗਈ ਕਿਸੇ ਵੀ ਦਰਖ਼ਾਸਤ ਲਈ ਦੇਣਦਾਰ ਅਤੇ ਜ਼ਿੰਮੇਵਾਰ ਹੋਏਗਾ, ਬਸ਼ਮੂਲ ਪਰ ਇਸੇ ਤਕ ਸੀਮਿਤ ਨਹੀਂ, ਜੇ ਵਰਤੋਂਕਾਰ ਦੇ ਮੋਬਾਈਲ ਨੰਬਰ ਵਿੱਚ ਕੋਈ ਵੀ ਬਦਲਾਅ ਹੁੰਦਾ ਹੈ ਜਾਂ ਜੇ ਵਰਤੋਂਕਾਰ ਦਾ ਮੋਬਾਈਲ ਫ਼ੋਨ ਗਵਾਚ ਗਿਆ ਹੈ ਜਾਂ ਵਰਤੋਂਕਾਰ ਦਾ ਮੋਬਾਈਲ ਫ਼ੋਨ ਕਿਸੇ ਹੋਰ ਤੀਜੀ ਪਾਰਟੀ ਨੂੰ ਅਲਾਟ ਕਰ ਦਿੱਤਾ ਗਿਆ ਜਾਂ ਉਸਦੇ ਨਾਂ ਕਰ ਦਿੱਤਾ ਗਿਆ ਹੈ।

8. ਵਰਤੋਂਕਾਰ ਕਿਸੇ ਵੀ ਨੁਕਸਾਨ *(ਵਾਸਤਵਿਕ ਅਤੇ ਸਬੱਬੀ)* ਜਾਂ ਹਾਨੀ ਜਾਂ ਦਾਅਵੇ ਜਾਂ ਮੰਗ ਲਈ ਯੈੱਸ ਬੈਂਕ ਪ੍ਰਤੀ ਅਟੱਲ ਰੂਪ ਵਿੱਚ ਬੇਸ਼ਰਤ ਦੇਣਦਾਰ ਹੋਏਗਾ, ਜੇ ਵਰਤੋਂਕਾਰ ਨੇ ਇੱਥੇ ਸ਼ਾਮਲ ਨਿਯਮਾਂ ਅਤੇ ਸ਼ਰਤਾਂ ਦੀ ਉਲੰਘਣਾ ਕੀਤੀ ਹੈ, ਬਸ਼ਮੂਲ ਯੈੱਸ ਬੈਂਕ ਦੁਆਰਾ, ਸਮੇਂ ਸਮੇਂ, ਕੀਤੇ ਗਏ ਕਿਸੇ ਵੀ ਬਦਲਾਅ, ਸੰਸ਼ੋਧਨ ਜਾਂ ਸੁਧਾਰ।

9. ਵਰਤੋਂਕਾਰ ਮੰਨਦਾ ਅਤੇ ਸਵੀਕਾਰ ਕਰਦਾ ਹੈ ਕਿ ਯੈੱਸ ਬੈਂਕ ਦੁਆਰਾ ਪੇਸ਼ ਕੀਤੀ ਗਈ ਐਪਲੀਕੇਸ਼ਨ ਵਰਤੋਂਕਾਰ ਦੇ ਆਪਣੇ ਹੀ ਜੋਖਮ ਅਤੇ ਜ਼ਿੰਮੇਵਾਰੀ ਵਿੱਚ ਹੋਏਗੀ ਅਤੇ ਐਸੇ ਜੋਖਮਾਂ ਵਿੱਚ ਸ਼ਾਮਲ ਹੋਣਗੇ (i) ਕੋਈ ਵੀ ਟੈਕਨੀਕਲ ਗਲਤੀ, ਖ਼ਰਾਬੀ, ਅੜਚਨ, ਨੈੱਟਵਰਕ ਦੀ ਖ਼ਰਾਬੀ, ਕਾਨੂੰਨੀ ਰੁਕਾਵਟਾਂ ਅਤੇ ਹੋਰ ਕਾਰਨ ਜੋ ਯੈੱਸ ਬੈਂਕ ਦੇ ਵੱਸ ਤੋਂ ਬਾਹਰ ਹੈ; (ii) ਵਰਤੋਂਕਾਰ ਦੁਆਰਾ ਪ੍ਰਦਾਨ ਕੀਤੀ ਗਈ ਕਿਸੇ ਵੀ ਜਾਣਕਾਰੀ ਦਾ ਗਲਤ/ਗੈਰਦਰੁਸਤ/ਗੈਰਸਹੀ ਨਿਕਲਣਾ; (iii) ਪ੍ਰਕਿਰਿਆ ਵਿੱਚ ਸ਼ਾਮਲ ਕਿਸੇ ਵੀ ਸੇਵਾ ਪ੍ਰਦਾਤਾ/ਹੋਰ ਤੀਜੀ ਪਾਰਟੀ/ਹਸਤੀ ਦੀ ਕਿਸੇ ਵੀ ਕਾਰਗੁਜ਼ਾਰੀ ਲਈ; (iv) ਸੇਵਾ ਵਿੱਚ ਕੋਈ ਵੀ ਗਲਤੀ, ਨੁਕਸ, ਨਾਕਾਮਯਾਬੀ ਅਤੇ ਰੁਕਾਵਟ ਜਾਂ ਦੇਰ ਨਾਲ ਕੀਤੀ ਗਈ ਫ਼ੰਡ

ਟ੍ਰਾਂਸਫ਼ਰ ਦੇ ਨਤੀਜੇ; ਅਤੇ (v) ਆਨਲਾਈਨ/ਇਲੈਕਟ੍ਰਾਨਿਕ ਹਿਦਾਇਤਾਂ ਦੀ ਟ੍ਰਾਂਸਮਿਸ਼ਨ ਡਲਿਵਰੀ ਵਿੱਚ ਦੇਰੀ ਜਾਂ ਗੈਰਡਲਿਵਰੀ ਜਾਂ ਉਸਦੀ ਟ੍ਰਾਂਸਮਿਸ਼ਨ ਜਾਂ ਹਿਦਾਇਤਾਂ ਦੇ ਸਹੀ ਅਰਥ ਕੱਢਣ ਵਿੱਚ ਕਿਸੇ ਵੀ ਕਾਰਨ ਕੋਈ ਗਲਤੀ, ਊਣਤਾਈ ਜਾਂ ਖ਼ਰਾਬੀ ਜਾਂ ਕੋਈ ਵੀ ਕਿਰਿਆ ਜਾਂ ਜੋ ਵੀ ਯੈੱਸ ਬੈਂਕ ਦੇ ਵੱਸ ਤੋਂ ਬਾਹਰ ਹੋਵੇ।

**ਐਫ਼. ਯੈੱਸ ਬੈਂਕ ਦੀ ਦੇਣਦਾਰੀ ਦੀ ਵੱਖਰਤਾ** :

1. ਹੋਰ ਅਗਾਂਹ ਵਰਤੋਂਕਾਰ ਸਮਝਦਾ, ਮੰਨਦਾ ਅਤੇ ਪੁਸ਼ਟੀ ਕਰਦਾ ਹੈ ਕਿ ਯੈੱਸ ਬੈਂਕ ਕਿਸੇ ਵੀ ਤਰ੍ਹਾਂ ਦੀ ਕਿਸੇ ਟ੍ਰਾਂਜ਼ੈਕਸ਼ਨ ਲਈ ਜੋਕਿ ਵਰਤੋਂਕਾਰ ਅਤੇ ਹੋਰ ਮਰਚੈਂਟ ਆਪ੍ਰੇਟਰਾਂ/ਸੇਵਾ ਪ੍ਰਦਾਤਾਵਾਂ ਵਿੱਚ ਤੀਤੀ ਗਈ ਹੋਵੇ, ਕੋਈ ਜ਼ਿੰਮੇਵਾਰੀ ਆਪਣੇ ਸਿਰ ਨਹੀਂ ਲੈਂਦਾ, ਬਿਨਾ ਇਸ ਦੇ ਕਿ ਜੋ ਵੀ ਇੱਥੇ ਪ੍ਰਗਟ ਰੂਪ ਵਿੱਚ ਪ੍ਰਦਾਨ ਕੀਤਾ ਗਿਆ ਹੈ।

2. ਯੈੱਸ ਬੈਂਕ ਸਾਰੇ ਵਾਜਬੀ ਪ੍ਰਯਤਨ ਕਰੇਗਾ ਕਿ ਵਰਤੋਂਕਾਰ ਦੀ ਜਾਣਕਾਰੀ ਨੂੰ ਗੁਪਤ ਰੱਖਿਆ ਜਾਏ। ਬਹਰਹਾਲ, ਯੈੱਸ ਬੈਂਕ, ਯੈੱਸ ਬੈਂਕ ਅਤੇ/ਜਾਂ ਇਸ ਦੇ ਕਰਮਚਾਰੀਆਂ ਜਾਂ ਏਜੰਟਾਂ ਜਾਂ ਨੁਮਾਇੰਦਿਆਂ ਦੁਆਰਾ ਕਿਸੇ ਵੀ ਕਿਰਿਆ, ਊਣਤਾਈ ਜਾਂ ਵਿਵਹਾਰ ਦੇ ਬਾਵਜੂਦ, ਐਸੀ ਜਾਣਕਾਰੀ ਦੇ ਕਿਸੇ ਪ੍ਰਗਟਾਵੇ, ਲੀਕੇਜ ਲਈ ਕਿਸੇ ਵੀ ਤਰ੍ਹਾਂ ਜ਼ਿੰਮੇਵਾਰ ਜਾਂ ਦੇਣਦਾਰ ਨਹੀਂ ਹੋਏਗਾ।

3. ਯੈੱਸ ਬੈਂਕ ਐਪਲੀਕੇਸ਼ਨ ਦੇ ਸੰਬੰਧ ਵਿੱਚ, ਵਰਤੋਂਕਾਰ ਰਾਹੀਂ ਆਮੰਤ੍ਰਿਤ ਕਿਸੇ ਵੀ ਤੀਜੇ ਵਿਅਕਤੀ ਜਾਂ ਪਾਰਟੀ ਦੇ ਪ੍ਰਤੀ ਜ਼ਿੰਮੇਵਾਰ ਜਾਂ ਦੇਣਦਾਰ ਨਹੀਂ ਹੋਏਗਾ, ਜਦ ਤਕ ਕਿ ਤੀਜਾ ਵਿਅਕਤੀ ਜਾਂ ਪਾਰਟੀ ਐਪਲੀਕੇਸ਼ਨ ਵਿੱਚ ਇਕ ਵਰਤੋਂਕਾਰ ਵਜੋਂ ਰਜਿਸਟਰ ਨਾ ਹੋਵੇ।

4. ਵਰਤੋਂਕਾਰ ਪੁਸ਼ਟੀ ਕਰਦਾ ਅਤੇ ਮੰਨਦਾ ਹੈ ਕਿ ਐਪਲੀਕੇਸ਼ਨ 'ਤੇ ਯੈੱਸ ਬੈਂਕ ਰਾਹੀਂ ਪੇਸ਼ ਕੀਤੀਆਂ ਗਈਆਂ ਐਪਲੀਕੇਸ਼ਨਾਂ ਵਾਇਰਸ ਜਾਂ ਹੋਰ ਦਵੈਖਪੂਰਨ, ਵਿਨਾਸ਼ਕ ਜਾਂ ਭ੍ਰਿਸ਼ਟਾਕਾਰੀ ਕੋਡ ਅਤੇ ਪ੍ਰੋਗ੍ਰਾਮ ਨਾਲ ਪ੍ਰਭਾਵਿਤ ਹੋ ਸਕਦੀਆਂ ਹਨ ਅਤੇ ਯੈੱਸ ਬੈਂਕ ਕਿਸੇ ਵੀ ਰੂਪ ਵਿੱਚ ਇਸ ਲਈ ਦੇਣਦਾਰ ਅਤੇ ਜ਼ਿੰਮੇਵਾਰ ਨਹੀਂ ਠਹਿਰਾਇਆ ਜਾਏਗਾ।

5. ਯੈੱਸ ਬੈਂਕ ਆਪਣੇ ਰਾਹੀਂ ਪ੍ਰਚਾਲਿਤ ਕੀਤੀ ਜਾ ਰਹੀ ਐਪਲੀਕੇਸ਼ਨ ਦੀ ਕਿਸੇ ਵੀ ਮੇਨਟੇਨੈਂਸ ਦੇ ਕਾਰਨ ਹਿਦਾਇਤਾਂ 'ਤੇ ਅਮਲ ਕਰਨ ਵਿੱਚ ਹੋਈ ਦੇਰ ਜਾਂ ਅਮਲ ਨਾ ਕਰਨ ਲਈ ਦੇਣਦਾਰ ਨਹੀਂ ਹੋਏਗਾ।

6. ਯੈੱਸ ਬੈਂਕ ਜੇ ਕਿਸੇ ਵੀ ਪ੍ਰਕਾਰ ਦੇ ਕਾਰਨ ਵਰਤੋਂਕਾਰ ਦੀਆਂ ਹਿਦਾਇਤਾਂ 'ਤੇ ਅਮਲ ਨਾ ਕਰ ਸਕਣ ਕਰਕੇ, ਸਿੱਧੇ ਜਾਂ ਅਸਿੱਧੇ, ਜਾਂ ਉਂਜ ਹੋਏ ਨੁਕਸਾਨ ਲਈ ਕੋਈ ਵੀ ਦੇਣਦਾਰੀ ਲੈਣੋਂ ਇਨਕਾਰ ਕਰਦਾ ਹੈ।

7. ਯੈੱਸ ਬੈਂਕ ਵਰਤੋਂਕਾਰ ਰਾਹੀਂ ਐਸੀ ਐਪਲੀਕੇਸ਼ਨ ਦੀ ਵਰਤੋਂ ਕਰਨ ਦੇ ਕਾਰਨ, ਵਰਤੋਂਕਾਰ ਦੀ ਭੇਤਦਾਰੀ ਦੀ ਕਿਸੇ ਵੀ ਉਲੰਘਣਾ ਲਈ ਜ਼ਿੰਮੇਵਾਰ ਜਾਂ ਦੇਣਦਾਰ ਨਹੀਂ ਹੋਏਗਾ।

8. ਵਰਤੋਂਕਾਰ ਇਹ ਮੰਨਦਾ ਹੈ ਕਿ ਯੈੱਸ ਬੈਂਕ ਅਗਲੇ ਮਾਮਲਿਆਂ ਵਿੱਚ ਕੋਈ ਜ਼ਿੰਮੇਵਾਰੀ ਜਾਂ ਦੇਣਦਾਰੀ ਆਪਣੇ ਸਿਰ ਨਹੀਂ ਲੈਂਦਾ: (i) ਯੈੱਸ ਬੈਂਕ ਦੁਆਰਾ ਵਰਤੋਂਕਾਰ ਦੀ ਹਿਦਾਇਤ 'ਤੇ ਭਰੋਸਾ ਕਰਦਿਆਂ ਦਿਆਨਤਦਾਰੀ ਨਾਲ ਕਿਸੇ ਵੀ ਟ੍ਰਾਂਜ਼ੈਕਸ਼ਨ ਨੂੰ ਅਮਲ ਵਿੱਚ ਲਿਆਉਣਾ; (ii) ਟ੍ਰਾਂਜ਼ੈਕਸ਼ਨ ਨੂੰ ਪੂਰਾ ਨਾ ਕਰਨਾ ਜਿੱਥੇ ਯੈੱਸ ਬੈਂਕ ਨੂੰ ਆਪਣੀ ਇਕਹਿਰੀ ਇੱਛਾ ਅਨੁਸਾਰ ਯਕੀਨ ਹੋਵੇ ਕਿ ਵਰਤੋਂਕਾਰ ਦੁਆਰਾ ਦਿੱਤੀ ਗਈ ਹਿਦਾਇਤ ਅਸਲੀ ਨਹੀਂ ਹੈ ਜਾਂ ਉਹ ਉਂਜ ਅਸਪਸ਼ਟ, ਗੈਰਮੁਨਾਸਿਬ, ਗੋਲ-ਮੋਲ ਜਾਂ ਸੰਦੇਹਜਨਕ ਜਾਂ ਗੈਰਕਾਨੂੰਨੀ ਹੈ; (iii) ਕਿਸੇ ਵੀ ਗਲਤੀ, ਨੁਕਸ, ਨਾਕਾਮਯਾਬੀ ਜਾਂ ਸੇਵਾ ਦੇ ਅਰਥ ਕਰਨ ਵਿੱਚ ਜਾਂ ਦੇਰ ਨਾਲ ਕੀਤੀ ਟ੍ਰਾਂਸਫ਼ਰ/ਰੀਮਿਟੈਂਸ ਅਤੇ ਕਿਸੇ ਵੀ ਐਸੇ ਸਬੱਬ ਦੇ ਨਤੀਜਿਆਂ ਕਾਰਨ ਜੋ ਕਿ ਯੈੱਸ ਬੈਂਕ ਦੇ ਵੱਸ ਤੋਂ ਬਾਹਰ ਹੋਣ, ਵਰਤੋਂਕਾਰ ਦੁਆਰਾ ਉਠਾਏ ਕਿਸੇ ਵੀ ਨੁਕਸਾਨ ਲਈ; (iv) ਸਹੂਲਤਾਂ

ਦੀ ਵਰਤੋਂ ਕਰਦੇ ਹੋਇਆਂ ਵਰਤੋਂਕਾਰ ਰਾਹੀਂ ਤੀਜੀ ਪਾਰਟੀ ਨੂੰ ਦਿੱਤੀ ਜਾਣਕਾਰੀ/ਹਿਦਾਇਤ ਤਕ ਤੀਜੀ ਪਾਰਟੀ ਦੁਆਰਾ ਕੋਈ ਵੀ ਅਨਾਧਕ੍ਰਿਤ ਪਹੁੰਚ; (v) ਸਹੂਲਤਾਂ ਦਾ ਲਾਭ ਉਠਾਉਂਦੇ ਹੋਇਆਂ ਵਰਤੋਂਕਾਰ ਨੂੰ ਪਹੁਚੇ ਕੋਈ ਵੀ ਸਿੱਧੇ, ਅਸਿੱਧੇ ਜਾਂ ਪਰਿਣਾਮੀ ਨੁਕਸਾਨ।

9. ਵਰਤੋਂਕਾਰ ਮੰਨਦਾ ਹੈ ਕਿ ਯੈੱਸ ਬੈਂਕ ਗੁਪਤ ਪ੍ਰਕਾਰ ਦੀ ਸਾਰੀ ਜਾਣਕਾਰੀ ਦੇ ਪ੍ਰਗਟਾਵੇ ਕਾਰਨ ਵਰਤੋਂਕਾਰ ਨੂੰ ਪਹੁੰਚੇ ਕਿਸੇ ਵੀ ਨੁਕਸਾਨ, ਦੇਣਦਾਰੀ ਦੇ ਸੰਬੰਧ ਵਿੱਚ ਕੋਈ ਜ਼ਿੰਮੇਵਾਰੀ ਜਾਂ ਦੇਣਦਾਰੀ ਆਪਣੇ ਸਿਰ ਨਹੀਂ ਲੈਂਦਾ।

10. ਯੈੱਸ ਬੈਂਕ ਐਸੀ ਕਿਸੇ ਵੀ ਗਲਤੀ ਲਈ ਜ਼ਿੰਮੇਵਾਰ ਨਹੀਂ ਹੋਏਗਾ ਜੋ ਵਰਤੋਂਕਾਰ ਰਾਹੀਂ ਪ੍ਰਦਾਨ ਕੀਤੀ ਗਈ ਜਾਣਕਾਰੀ ਦੇ ਸਹੀਪਣ ਨੂੰ ਯਕੀਨੀ ਬਣਾਉਣ ਲਈ ਯੈੱਸ ਬੈਂਕ ਦੁਆਰਾ ਉਠਾਏ ਗਏ ਲੋੜੀਂਦੇ ਕਦਮਾਂ ਦੇ ਬਾਵਜੂਦ ਵਾਪਰਦੀ ਜਾਂ ਵਾਪਰ ਸਕਦੀ ਹੈ ਅਤੇ ਯੈੱਸ ਬੈਂਕ ਦੁਆਰਾ ਪ੍ਰਦਾਨ ਕੀਤੀ ਗਈ ਗਲਤ ਜਾਣਕਾਰੀ ਦੇ ਪਰਿਣਾਮ ਵਜੋਂ ਵਰਤੋਂਕਾਰ ਰਾਹੀਂ ਉਠਾਏ ਜਾ ਉਠਾਏ ਜਾਣ ਵਾਲੇ ਕਿਸੇ ਨੁਕਸਾਨ ਜਾਂ ਹਾਨੀ ਦੇ ਮਾਮਲੇ ਵਿੱਚ ਵਰਤੋਂਕਾਰ ਦਾ ਯੈੱਸ ਬੈਂਕ ਵਿਰੁੱਧ ਕੋਈ ਦਾਅਵਾ ਨਹੀਂ ਹੋਏਗਾ।

11. ਯੈੱਸ ਬੈਂਕ ਕਿਸੇ ਵੀ ਤਰ੍ਹਾਂ, ਕਿਸੇ ਵੀ ਤ੍ਰੁਟੀਪੂਰਨ ਜਾਂ ਖ਼ਰਾਬ ਸੇਵਾ ਲਈ, ਜਾਂ ਵਰਤੋਂਕਾਰ ਨੂੰ ਹੋ ਸਕਣ ਵਾਲੇ ਕਿਸੇ ਵੀ ਤਰ੍ਹਾਂ ਦੇ ਕਿਸੇ ਨੁਕਸਾਨ ਲਈ ਦੇਣਦਾਰ ਨਹੀਂ ਹੋਏਗਾ।

**ਜੀ. ਸੇਵਾ ਦੇ ਨਿਯਮ** :

1. ਸਹੂਲਤਾਂ ਯੈੱਸ ਬੈਂਕ ਰਾਹੀਂ ਸਿਰਫ਼ ਐਪਲੀਕੇਸ਼ਨ ਦੁਆਰਾ ਵਰਤੋਂਕਾਰ ਦੀ ਨਿਰਧਾਰਿਤ ਦਰਖ਼ਾਸਤ ’ਤੇ ਹੀ ਪ੍ਰਦਾਨ ਕੀਤੀਆਂ ਜਾਣਗੀਆਂ।

2. ਵਰਤੋਂਕਾਰ ਨੂੰ, ਯੈੱਸ ਬੈਂਕ ਦੁਆਰਾ ਪ੍ਰਦਾਨ ਕੀਤੀ ਐਪਲੀਕੇਸ਼ਨ ਲਈ ਰਜਿਸਟ੍ਰੇਸ਼ਨ ਦੀ ਸਫਲ ਸੰਪੂਰਨਤਾ ਲਈ ਯੈੱਸ ਬੈਂਕ ਦੀ ਲੋੜ ਅਨੁਸਾਰ ਆਪਣਾ ਵੇਰਵਾ ਰਜਿਸਟਰ ਕਰਾਉਣਾ ਹੋਏਗਾ।

3. ਵਰਤੋਂਕਾਰ ਨੂੰ, ਯੈੱਸ ਬੈਂਕ ਦੁਆਰਾ ਸਮੇਂ ਸਮੇਂ ਪ੍ਰਦਾਨ ਕੀਤੀ ਜਾਂ ਪ੍ਰਦਾਨ ਕੀਤੀ ਜਾਣ ਵਾਲੀ ਐਪਲੀਕੇਸ਼ਨ ’ਤੇ ਉਪਲਬਧ ਲੱਛਣਾਂ ਅਤੇ ਸਹੂਲਤਾਂ ਵਿੱਚੋਂ ਹਰੇਕ ਲਈ ਆਪਣਾ ਵੇਰਵਾ ਰਜਿਸਟਰ ਕਰਾਉਣਾ ਹੋਏਗਾ।

4. ਵਾਲਿਟ ਦਾ ਲਾਭ ਉਠਾਉਣ ਅਤੇ/ਜਾਂ ਉਸ ਨੂੰ ਕਿਰਿਆਸ਼ੀਲ ਕਰਨ ਲਈ ਪੂਰਬ-ਸ਼ਰਤ ਵਜੋਂ, ਵਰਤੋਂਕਾਰ ਨੂੰ ਯੂਆਈਡੀਏਆਈ (ਯੁਨੀਕ ਆਈਡੈਂਟੀਫ਼ਿਕੇਸ਼ਨ ਅਥਾਰਿਟੀ ਆਫ਼ ਇੰਡੀਆ) ਦੁਆਰਾ ਇਸ਼ੂ ਕੀਤਾ ਗਿਆ ਆਧਾਰ ਨੰਬਰ ਜਾਂ ਯੈੱਸ ਬੈਂਕ ਦੇ ਖਾਤਾ ਧਾਰਕਾਂ ਨੂੰ ਇਸ਼ੂ ਕੀਤਾ ਗਿਆ ਕਸਟੁਮਰ ਆਈਡੀ ਪ੍ਰਦਾਨ ਕਰਨਾ ਪਏਗਾ ਜਿਸ ਨੂੰ ਵੰਨ ਟਾਈਮ ਪਾਸਵਰਡ (ਓਟੀਪੀ) ਨਾਲ ਪ੍ਰਮਾਣਿਤ ਕੀਤਾ ਜਾਏਗਾ। ਆਧਾਰ ਨੰਬਰ ਜਾਂ ਕਸਟ. ਆਈਡੀ ਦੇ ਕਾਮਯਾਬ ਪ੍ਰਮਾਣੀਕਰਨ ਤੋਂ ਬਾਅਦ ਆਧਾਰ ਜਾਂ ਕਸਟ. ਆਈਡੀ ਵਿਰੁੱਧ ਰਜਿਸਟਰਡ ਨਾਂ, ਪਤੇ ਆਦਿ ਵਰਗੇ ਜਨ-ਅੰਕਿੜਿਆਂ ਸੰਬੰਧੀ ਵੇਰਵੇ ਵਾਲਿਟ ਦੀ ਰਜਿਸਟ੍ਰੇਸ਼ਨ ਲਈ ਵਿਚਾਰ ਅਧੀਨ ਲਿਆਂਦੇ ਜਾਣਗੇ। ਮੌਜੂਦਾ ਵਾਲਿਟ ਵਰਤਣ ਵਾਲਿਆਂ ਲਈ, ਜੋਂ ਆਪਣੇ ਆਧਾਰ ਨੰਬਰ ਜਾਂ ਯੈੱਸ ਬੈਂਕ ਕਸਟੁਮਰ ਆਈਡੀ (ਜਿਵੇਂਕਿ ਯੈੱਸ ਬੈਂਕ ਰਾਹੀਂ ਇਸ਼ੂ ਕੀਤਾ ਗਿਆ) ਵਾਲਿਟ ਇਸ਼ੂ ਕਰਨ ਦੀ ਮਿਤੀ ਤੋਂ ਇਕ (1) ਸਾਲ ਦੇ ਅੰਦਰ ਦਾ ਪ੍ਰਮਾਣੀਕਰਨ ਨਹੀਂ ਕਰ ਸਕਦੇ, ਯੈੱਸ ਬੈਂਕ ਕੋਲ ਇਕਹਿਰਾ ਅਧਿਕਾਰ ਅਤੇ ਇੱਛਾ ਹੋਏਗੀ ਕਿ ਉਹ ਬਿਨਾ ਵਰਤੋਂਕਾਰ ਨੂੰ ਹੋਰ ਅਗਾਂਹ ਨੋਟਿਸ ਜਾਂ ਕਿਸੇ ਵੀ ਤਰ੍ਹਾਂ ਦੇ ਜੋਖਮ ਦੇ, ਬਿਨਾ ਯੈੱਸ ਬੈਂਕ ਦੀ ਕਿਸੇ ਜ਼ਿੰਮੇਵਾਰੀ ਜਾਂ ਦੇਣਦਾਰੀ ਦੇ, ਐਸੇ ਵਾਲਿਟਾਂ ਨੂੰ ਅਯੋਗ ਅਤੇ ਰੱਦ ਕਰ ਸਕੇ।

5. ਵਰਤੋਂਕਾਰ ਬੇਸ਼ਰਤ ਮੰਨਦਾ ਅਤੇ ਪੁਸ਼ਟੀ ਕਰਦਾ ਹੈ ਕਿ ਵਾਲਿਟ ਦੀ ਵਰਤੋਂ ਅਗਲੀਆਂ ਸ਼ਰਤਾਂ ਦੇ ਅਧੀਨ ਹੋਏਗੀਆਂ: (ਏ) ਵਰਤੋਂਕਾਰ ਦੀ ਸਫ਼ਲ ਰਜਿਸਟ੍ਰੇਸ਼ਨ ਹੋ ਜਾਣ 'ਤੇ, ਰਿਜ਼ਰਵ ਬੈਂਕ ਆਫ਼ ਇੰਡੀਆ (ਆਰਬੀਆਈ) ਦੁਆਰਾ ਡੀਫ਼ਾਲਟ (ਊਣਤਾਈ) ਸੀਮਾਵਾਂ ਸਭ ਵਾਲਿਟਾਂ 'ਤੇ ਲਾਗੂ ਹੋਣਗੀਆਂ। ਇਹ ਸੀਮਾਵਾਂ ਸੰਚਈ ਸੀਮਾਵਾਂ ਹੋਣਗੀਆਂ ਜੋ ਸਭ ਪਾਰਟਨਰ ਵਾਲਿਟਾਂ 'ਤੇ ਲਾਗੂ ਹੋਣੀਆਂ। (ਬੀ) ਵਾਲਿਟ ਤੋਂ ਵਰਤੋਂਕਾਰ ਦੇ ਬੈਂਕ ਖਾਤੇ ਵਿੱਚ ਫ਼ੰਡ ਟ੍ਰਾਂਸਫ਼ਰ ਕਰਨ ਲਈ, ਵਰਤੋਂਕਾਰ ਨੂੰ ਐਪਲੀਕੇਸ਼ਨ ਵਿੱਚ ਲਾਭ ਪ੍ਰਾਪਤ ਕਰਤਾ ਵਜੋਂ ਬੈਂਕ ਖਾਤੇ ਦਾ ਵੇਰਵਾ ਦਰਜ ਕਰਨਾ ਹੋਏਗਾ। ਯੈੱਸ ਬੈਂਕ ਇਕ ਕੂਲਿੰਗ ਪੀਰੀਅਡ (ਘੰਟਿਆਂ: ਮਿੰਟਾਂ ਵਿੱਚ) ਤੈਅ ਕਰ ਸਕਦਾ ਹੈ, ਜਿਸ ਤੋਂ ਬਾਅਦ ਲਾਭ ਪ੍ਰਾਪਤ ਕਰਤਾ ਦੇ ਖਾਤੇ ਵਿੱਚ ਟ੍ਰਾਂਸਫ਼ਰ ਕੀਤੀ ਜਾ ਸਕਦੀ ਹੈ। ਯੈੱਸ ਬੈਂਕ ਅਧਿਕਤਮ ਲਾਭ ਪ੍ਰਾਪਤ ਕਰਤਾਵਾਂ 'ਤੇ ਵੀ ਇਕ ਕੈਪ (ਸੀਮਾ) ਲਗਾ ਸਕਦਾ ਹੈ ਜਿਨ੍ਹਾਂ ਨੂੰ ਕਿਸੇ ਖ਼ਾਸ ਵਰਤੋਂਕਾਰ ਦੁਆਰਾ ਵਧਾਇਆ ਜਾ ਸਕਦਾ ਹੈ। (ਸੀ) ਆਰਬੀਆਈ ਦੁਆਰਾ ਲਾਜ਼ਮੀ ਕਰਾਰ ਦਿੱਤੇ ਜਾਣ ਅਨੁਸਾਰ, ਵਾਲਿਟ ਦੀ ਐਕਟੀਵੇਸ਼ਨ ਅਤੇ/ਜਾਂ ਉਸ ਦੀ ਵਰਤੋਂ ਤੋਂ ਇੱਕ (1) ਸਾਲ ਅੰਦਰ ਕੇਵਾਈਸੀ (ਨੋ ਯੂਅਰ ਕਸਟੂਮਰ) ਕਾਰਵਾਈ ਮੁਕੰਮਲ ਕਰਨੀ ਹੋਏਗੀ। ਜੇ ਕੇਵਾਈਸੀ ਦੀ ਕਾਰਵਾਈ ਦੀ ਪਾਲਣਾ ਨਾ ਕੀਤੀ ਜਾਏ ਜਾਂ ਮੁਕੰਮਲ ਨਾ ਕੀਤੀ ਜਾਏ, ਤਾਂ ਯੈੱਸ ਬੈਂਕ ਨੂੰ ਇਕਹਿਰਾ ਅਧਿਕਾਰ ਅਤੇ ਇੱਛਾ ਹੋਏਗੀ ਕਿ ਉਹ ਵਰਤੋਂਕਾਰ ਨੂੰ ਹੋਰ ਅਗਾਂਹ ਕੋਈ ਨੋਟਿਸ ਦਿੱਤੇ ਬਿਨਾ ਜਾਂ ਬਿਨਾ ਕਿਸੇ ਤਰ੍ਹਾਂ ਦੇ ਜੋਖਮ, ਦੇਣਦਾਰੀ ਜਾਂ ਜ਼ਿੰਮੇਵਾਰੀ ਦੇ, ਐਸੇ ਵਾਲਿਟਾਂ ਨੂੰ ਅਯੋਗ ਅਤੇ ਰੱਦ ਕਰ ਸਕੇ। ਵਾਲਿਟ ਵਿੱਚੋ ਜਾਂ ਇਸ ਵਿੱਚ ਸਭ ਕ੍ਰੈਡਿਟ, ਡੈਬਿਟ ਜਾਂ ਟ੍ਰਾਂਸਫ਼ਰਾਂ ਤਦ ਹੀ ਕਰਨ ਦੀ ਇਜਾਜ਼ਤ ਦਿੱਤੀ ਜਾਏਗੀ ਜਦ ਯੈੱਸ ਬੈਂਕ ਦੀ ਤਸੱਲੀ ਨਾਲ ਕੇਵਾਈਸੀ ਦੀ ਕਾਰਵਾਈ ਪੂਰੀ ਹੋਈ ਹੋਵੇ। ਇਸ ਮਾਮਲੇ ਵਿੱਚ ਯੈੱਸ ਬੈਂਕ ਦੇ ਫ਼ੈਸਲੇ ਨੂੰ ਅੰਤਿਮ ਅਤੇ ਵਰਤੋਂਕਾਰ ਉੱਤੇ ਬੰਧਨਕਾਰੀ ਸਮਝਿਆ ਜਾਏਗਾ।

6. ਵਰਤੋਂਕਾਰ ਮੰਨਦਾ ਅਤੇ ਪੁਸ਼ਟੀ ਕਰਦਾ ਹੈ ਕਿ ਵਰਚੂਅਲ ਕਾਰਡ ਦਾ ਪ੍ਰਚਾਲਨ ਵਰਚੂਅਲ ਕਾਰਡ ਦੇ ਉਹਨਾਂ ਨਿਯਮਾਂ ਤੇ ਸ਼ਰਤਾਂ ਅਨੁਸਾਰ ਹੋਏਗਾ ਜੋ ਵੇਬਸਾਈਟ www.yesbank.in 'ਤੇ ਸਮੇਂ ਸਮੇਂ ਉਪਲਬਧ ਹੋਣਗੇ ਅਤੇ ਵਰਚੂਅਲ ਕਾਰਡ ਵਿਰੁੱਧ ਬੈਲੈਂਸ ਵਾਲਿਟ ਵਿੱਚ ਬੈਲੈਂਸ ਦੇ ਬਰਾਬਰ ਹੋਏਗਾ।

7. ਵਰਤੋਂਕਾਰ ਮੰਨਦਾ ਅਤੇ ਪੁਸ਼ਟੀ ਕਰਦਾ ਹੈ, ਕਿ ਐਪਲੀਕੇਸ਼ਨ ਦੁਆਰਾ ਕ੍ਰੈਡਿਟ ਕਾਰਡ ਦੀ ਸਹੂਲਤ ਵਰਤਣ ਲਈ, ਉਸ ਨੂੰ ਅਗਲੀਆਂ ਸ਼ਰਤਾਂ ਦੀ ਪਾਲਣ ਕਰਨੀ ਹੋਏਗੀ: (ਏ) ਵਰਤੋਂਕਾਰ ਕੋਲ ਇਕ ਜਾਇਜ਼ ਯੈੱਸ ਬੈਂਕ ਕ੍ਰੈਡਿਟ ਕਾਰਡ ਹੋਵੇ (ਬੀ) ਵਰਤੋਂਕਾਰ ਨੇ ਐਸੇ ਕ੍ਰੈਡਿਟ ਕਾਰਡ ਦੇ ਵੇਰਵੇ ਨੂੰ ਐਪਲੀਕੇਸ਼ਨ ਉੱਤੇ ਰਜਿਸਟਰ ਕਰਾਇਆ ਹੋਵੇ।

8. ਵਰਤੋਂਕਾਰ ਮੰਨਦਾ ਅਤੇ ਪੁਸ਼ਟੀ ਕਰਦਾ ਹੈ, ਕਿ ਐਪਲੀਕੇਸ਼ਨ ਦੁਆਰਾ ਟ੍ਰੈਵਲ ਕਾਰਡ ਦੀ ਸਹੂਲਤ ਵਰਤਣ ਲਈ ਉਸ ਨੂੰ ਅਗਲੀਆਂ ਸ਼ਰਤਾਂ ਦੀ ਪਾਲਣ ਕਰਨੀ ਹੋਏਗੀ: (ਏ) ਵਰਤੋਂਕਾਰ ਕੋਲ ਇਕ ਜਾਇਜ਼ ਟ੍ਰੈਵਲ ਕਾਰਡ ਹੋਵੇ (ਬੀ) ਵਰਤੋਂਕਾਰ ਨੇ ਐਸੇ ਟ੍ਰੈਵਲ ਕਾਰਡ ਦੇ ਵੇਰਵੇ ਨੂੰ ਐਪਲੀਕੇਸ਼ਨ ਉੱਤੇ ਰਜਿਸਟਰ ਕਰਾਇਆ ਹੋਵੇ।

9. ਵਰਤੋਂਕਾਰ ਮੰਨਦਾ ਅਤੇ ਪੁਸ਼ਟੀ ਕਰਦਾ ਹੈ, ਕਿ ਸਹੂਲਤਾਂ ਦਾ ਲਾਭ ਉਠਾਉਣ ਲਈ: (i) ਐਪਲੀਕੇਸ਼ਨ ਦੋਸਤਾਂ ਦੀ ਸੂਚੀ, ਮੋਬਾਈਲ ਨੰਬਰ ਅਤੇ ਈਮੇਲ ਆਈਡੀਜ਼ ਹਾਸਲ ਕਰਨ ਲਈ ਵਰਤੋਂਕਾਰ ਦੇ ਸੋਸ਼ਲ ਪ੍ਰੋਫ਼ਾਈਲ ਤਕ ਪਹੁੰਚੇਗੀ ਅਤੇ ਵਰਤੋਂਕਾਰ ਦੀ ਵਿਸ਼ੇਸ਼ ਬੇਨਤੀ 'ਤੇ, ਐਸੇ ਤੀਜੀ ਪਾਰਟੀ ਵਰਤੋਂਕਾਰਾਂ ਨੂੰ ਐਪਲੀਕੇਸ਼ਨ ਵਿੱਚ ਜੁੜਨ ਲਈ ਬੇਨਤੀ ਭੇਜੀ ਜਾਏਗੀ; (ii) ਐਪਲੀਕੇਸ਼ਨ ਵਰਤੋਂਕਾਰ ਦੇ ਸੋਸ਼ਲ ਪ੍ਰੋਫ਼ਾਈਲ, ਮੋਬਾਈਲ ਨੰਬਰ ਅਤੇ ਈਮੇਲ ਆਈਡੀ ਨੂੰ ਨੋਟੀਫ਼ਿਕੇਸ਼ਨ ਭੇਜੇਗੀ; (iii) ਵਰਤੋਂਕਾਰ ਆਪਣੇ ਬੈਂਕ ਖਾਤੇ ਦਾ ਵੇਰਵਾ ਐਪਲੀਕੇਸ਼ਨ ਵਿੱਚ ਵਧਾ ਸਕਦਾ ਹੈ; (iv) ਵਰਤੋਂਕਾਰ ਦੇ ਯੈੱਸ ਬੈਂਕ ਜਾਂ ਦੂਜੇ ਬੈਂਕ ਦੇ ਖਾਤੇ ਦਾ ਵੇਰਵਾ ਯੈੱਸ ਬੈਂਕ ਦੇ ਸਰਵਰ ਡੇਟਾਬੇਸ 'ਤੇ ਐਸੇ ਸਮੇਂ ਅਤੇ ਮਿਆਦ ਲਈ ਸਟੋਰ ਕੀਤਾ ਜਾਏਗਾ ਜਿਵੇਂ ਕਿ ਯੈੱਸ ਬੈਂਕ ਦੀ ਇਕਹਿਰੀ ਇੱਛਾ ਅਨੁਸਾਰ ਤੈਅ ਕੀਤਾ ਜਾਏ; (v) ਵਰਤੋਂਕਾਰ ਯੈੱਸ ਬੈਂਕ ਦੁਆਰਾ ਪ੍ਰਦਾਨ ਕੀਤੀਆਂ ਗਈਆਂ ਸਹੂਲਤਾਂ ਅਧੀਨ ਫ਼ੰਡ ਟ੍ਰਾਂਸਫ਼ਰ ਕਰਨ ਲਈ ਯੈੱਸ ਬੈਂਕ ਰਾਹੀਂ ਮਿਥੀ ਸੀਮਾ ਦੀ ਪਾਲਣ ਕਰੇਗਾ।

10. ਵਰਤੋਂਕਾਰ ਪੁਸ਼ਟੀ ਕਰਦਾ ਹੈ ਕਿ ਉਸ ਦੁਆਰਾ ਯੈੱਸ ਬੈਂਕ ਨੂੰ ਦਿੱਤੀਆਂ ਗਈਆਂ ਹਿਦਾਇਤਾਂ ਤਦ ਹੀ ਪ੍ਰਭਾਵਕਾਰੀ ਹੋਣਗੀਆਂ ਜਦ ਸਹੂਲਤਾਂ ਦਾ ਲਾਭ ਉਠਾਉਣ ਲਈ ਓਟੀਪੀ/ਪਾਸਕੋਡ/ਪਾਸਵਰਡ ਦਾ ਪ੍ਰਮਾਣੀਕਰਨ ਵਰਤੋਂਕਾਰ ਰਾਹੀਂ ਕਰ ਦਿੱਤਾ ਜਾਏ।

11. ਵਰਤੋਂਕਾਰ ਮੰਨਦਾ ਅਤੇ ਪੁਸ਼ਟੀ ਕਰਦਾ ਹੈ ਕਿ ਇਕ ਵਾਰ ਜਦ ਟ੍ਰਾਂਜ਼ੈਕਸ਼ਨ 'ਤੇ ਅਮਲ ਕਰ ਦਿੱਤਾ ਜਾਏ, ਤਾਂ ਵਰਤੋਂਕਾਰ ਵੱਲੋਂ ਸਟਾਪ ਪੇਮੈਂਟ (ਭੁਗਤਾਨ ਰੋਕੋ) ਦੀ ਮਿਲੀ ਹਿਦਾਇਤ ਯੈੱਸ ਬੈਂਕ ਦੁਆਰਾ ਸਵੀਕਾਰ ਨਹੀਂ ਕੀਤੀ ਜਾਏਗੀ ਅਤੇ/ਜਾਂ ਉਸ 'ਤੇ ਅਮਲ ਨਹੀਂ ਕੀਤਾ ਜਾਏਗਾ।

12. ਵਰਤੋਂਕਾਰ ਮੰਨਦਾ ਅਤੇ ਪੁਸ਼ਟੀ ਕਰਦਾ ਹੈ ਕਿ ਕਿਸੇ ਖ਼ਾਸ ਵੀਪੀਏ ਦੀ ਵੰਡ ਕਿਸੇ ਖ਼ਾਸ ਵੀਪੀਏ ਦੀ ਉਪਲਬਧਤਾ ਅਤੇ ਯੈੱਸ ਬੈਂਕ ਦੀ ਇਕਹਿਰੀ ਮਰਜ਼ੀ 'ਤੇ ਨਿਰਭਰ ਹੈ। ਵਰਤੋਂਕਾਰ ਸਵੀਕਾਰ ਕਰਦਾ ਹੈ ਕਿ ਯੈੱਸ ਬੈਂਕ ਵੀਪੀਏ ਦੇ ਦੁਹਰਾਉ ਦੀ ਇਜਾਜ਼ਤ ਨਹੀਂ ਦੇਵੇਗਾ ਅਤੇ ਉਹੋ ਵੀਪੀਏ ਬਹੁ-ਵਰਤੋਂਕਾਰਾਂ ਦੇ ਨਾਂ ਨਹੀਂ ਕੀਤਾ ਜਾਏਗਾ।

13. ਵਰਤੋਂਕਾਰ ਸਹੂਲਤ ਵਰਤਣ ਦੌਰਾਨ ਯਕੀਨੀ ਬਣਾਏਗਾ ਕਿ: (i) ਵਰਤੋਂਕਾਰ ਕੋਲ ਸਹੂਲਤਾਂ ਤਕ ਪਹੁੰਚਣ ਅਤੇ ਉਹਨਾਂ ਨੂੰ ਵਰਤਣ ਦਾ ਅਧਿਕਾਰ ਹੈ; (ii) ਵਰਤੋਂਕਾਰ ਨੇ ਐਸੀਆਂ ਸਹੂਲਤਾਂ ਦੇ ਸੰਬੰਧ ਵਿੱਚ ਭਾਰਤ ਵਿੱਚ ਪ੍ਰਚਲਿਤ ਕਾਨੂੰਨਾਂ ਅਤੇ ਵਿਨਿਯਮਾਂ ਦੀ ਪਾਲਣ ਕੀਤੀ ਹੈ; (iii) ਵਰਤੋਂਕਾਰ ਨੇ ਐਸੀ ਸਾਰੀ ਜਾਣਕਾਰੀ ਅਤੇ/ਜਾਂ ਸਹਾਇਤਾ ਯੈੱਸ ਬੈਂਕ ਨੂੰ ਪ੍ਰਦਾਨ ਕਰ ਦਿੱਤੀ ਹੈ ਜੋ ਕਿ ਵਰਤੋਂਕਾਰ ਨੂੰ ਸਹੂਲਤਾਂ ਦੇਣ ਲਈ ਯੈੱਸ ਬੈਂਕ ਨੂੰ ਲੋੜੀਂਦੀ ਹੈ; (iv) ਵਰਤੋਂਕਾਰ ਕਿਸੇ ਵੀ ਸਮੇਂ ਕਿਸੇ ਵੀ ਵਿਅਕਤੀ ਨੂੰ ਆਪਣੇ ਯੈੱਸ ਬੈਂਕ ਜਾਂ ਕਿਸੇ ਹੋਰ ਬੈਂਕ ਦੇ ਵੇਰਵੇ, ਬਸ਼ਮੂਲ ਸਮੇਂ ਸਮੇਂ ਉਸ ਨੂੰ ਅਲਾਟ ਕੀਤੇ ਗਏ ਪਾਸਵਰਡ, ਖਾਤਾ ਨੰਬਰ ਨਹੀਂ ਦੇਵੇਗਾ।

14. ਵਰਤੋਂਕਾਰ ਮੰਨਦਾ ਅਤੇ ਸਵੀਕਾਰ ਕਰਦਾ ਹੈ ਕਿ ਯੈੱਸ ਬੈਂਕ ਸਹੂਲਤਾਂ ਲਈ ਸਿਰਫ਼ ਇਕ ਸਹੂਲਤਦਾਇਕ ਹੀ ਹੈ ਅਤੇ ਯੈੱਸ ਬੈਂਕ ਸਹੂਲਤਾਂ ਲਈ ਕੋਈ ਵਾਰੰਟੀ ਜਾਂ ਦਾਅਵਾ ਨਹੀਂ ਕਰਦਾ, ਤੇ ਨਾ ਹੀ ਯੈੱਸ ਬੈਂਕ ਕਿਸੇ ਐਸੀ ਸਹੂਲਤ ਜਾਂ ਕਿਸੇ ਵੀ ਤਰ੍ਹਾਂ ਤੀਜੀ ਪਾਰਟੀ ਮਰਚੈਂਟਾਂ ਦੀ ਤਾਈਦ ਕਰਦਾ ਹੈ।

15. ਵਰਤੋਂਕਾਰ ਮੰਨਦਾ ਅਤੇ ਸਵੀਕਾਰ ਕਰਦਾ ਹੈ ਕਿ ਯੈੱਸ ਬੈਂਕ ਦੁਆਰਾ ਪੇਸ਼ ਕੀਤੀਆਂ ਜਾਣ ਵਾਲੀਆਂ ਸਹੂਲਤਾਂ ਲਈ ਕਿਸੇ ਵੀ ਜਾਂ ਸਭ ਚਾਰਜਜ਼ ਯੈੱਸ ਬੈਂਕ ਦੀ ਇਕਹਿਰੀ ਇੱਛਾ ਅਨੁਸਾਰ ਹੋਣਗੇ। ਯੈੱਸ ਬੈਂਕ ਨੂੰ ਇਸ ਵਿੱਚ ਪੂਰੀ ਖੁਲ੍ਹ ਹੋਏਗੀ ਕਿ ਉਹ ਬਿਨਾ ਵਰਤੋਂਕਾਰ ਨੂੰ ਕੋਈ ਨੋਟਿਸ ਜਾਂ ਸੂਚਨਾ ਦਿੱਤਿਆਂ, ਸਮੇਂ ਸਮੇਂ ਇਹਨਾਂ ਸਹੂਲਤਾਂ ਨੂੰ ਵਾਪਸ ਲੈ ਲਏ ਜਾਂ ਇਹਨਾਂ ਵਿੱਚ ਸੁਧਾਰ ਕਰੇ ਜਾਂ ਬਦਲ ਦੇਵੇ।

16. ਵਰਤੋਂਕਾਰ ਮੰਨਦਾ ਅਤੇ ਸਵੀਕਾਰ ਕਰਦਾ ਹੈ, ਕਿ ਜੇ ਉਪਯੋਗ ਜਾਂ ਸਹੂਲਤਾਂ ਦੇ ਉਪਯੋਗ ਦੇ ਸੰਬੰਦ ਵਿੱਚ ਉਸ ਦਾ ਬੈਂਕ ਖਾਤਾ ਕਿਸੇ ਤਰ੍ਹਾਂ ਦੇ ਕਾਰਨ ਕਰਕੇ ਬੰਦ ਕਰ ਦਿੱਤਾ ਜਾਂ ਰੋਕ ਦਿੱਤਾ ਗਿਆ ਹੈ, ਤਾਂ ਵਰਤੋਂਕਾਰ ਐਸੇ ਮਾਮਲੇ ਨੂੰ ਸਿੱਧਾ ਆਪਣੇ ਬੈਂਕ ਨਾਲ ਨਜਿੱਠੇਗਾ ਅਤੇ ਯੈੱਸ ਬੈਂਕ ਨੂੰ ਇਸ ਲਈ ਦੇਣਦਾਰ ਜਾਂ ਜ਼ਿੰਮੇਵਾਰ ਨਹੀਂ ਠਹਿਰਾਏਗਾ। ਯੈੱਸ ਬੈਂਕ ਰਾਹੀਂ ਵਰਤੋਂਕਾਰ ਨੂੰ ਪੈਸੇ ਦੇ ਕੀਤੇ ਗਏ ਕਿਸੇ ਵੀ ਰੀਫ਼ੰਡ 'ਤੇ ਕੋਈ ਵਿਆਜ ਨਹੀਂ ਲਗਾਇਆ ਜਾਏਗਾ, ਕਿਉਂਕਿ ਐਪਲੀਕੇਸ਼ਨ ਯੈੱਸ ਬੈਂਕ ਰਾਹੀਂ ਵਰਤੋਂਕਾਰ ਨੂੰ ਦਿੱਤੀ ਜਾਣ ਵਾਲੀ ਇਕ ਵਿਆਜਮੁਕਤ ਸਹੂਲਤ ਹੈ।

17. ਵਰਤੋਂਕਾਰ ਮੰਨਦਾ ਅਤੇ ਸਵੀਕਾਰ ਕਰਦਾ ਹੈ ਕਿ (i) ਯੈੱਸ ਪੇ ਵਾਲਿਟ ਵਿੱਚ ਰੱਖੇ ਕਿਸੇ ਵੀ ਬੈਲੈਂਸ 'ਤੇ ਜਾਂ ਵਰਤੋਂਕਾਰ ਰਾਹੀਂ ਵਰਤੀ ਜਾਂ ਰੱਖੀ ਐਪਲੀਕੇਸ਼ਨ 'ਤੇ ਯੈੱਸ ਬੈਂਕ ਰਾਹੀਂ ਕੋਈ ਵਿਆਜ ਨਹੀਂ ਦਿੱਤਾ ਜਾਏਗਾ; (ii) ਯੈੱਸ ਬੈਂਕ ਵੱਲੋਂ ਐਪਲੀਕੇਸ਼ਨ ਬਾਰੇ ਵਰਤੋਂਕਾਰ ਦੇ ਕੀਤੇ ਕਿਸੇ ਵੀ ਰੈਫ਼ਰਲ ਲਈ ਕੋਈ ਮਾਇਕ ਜਾਂ ਉਂਜ ਪ੍ਰੋਤਸਾਹਨ ਨਹੀਂ ਦਿੱਤਾ ਜਾਏਗਾ ਅਤੇ ਯੈੱਸ ਬੈਂਕ ਐਸੇ ਕਿਸੇ ਵੀ ਰੈਫ਼ਰਲ ਵਿਰੁੱਧ ਵਸੂਲੀ ਗਈ ਕਿਸੇ ਸ਼ਿਕਾਇਤ ਲਈ ਜ਼ਿੰਮੇਵਾਰ ਨਹੀਂ ਹੋਏਗਾ; (iii) ਵਰਤੋਂਕਾਰ ਦੁਆਰਾ ਤੈਅ ਕੀਤੇ ਗੋਲ (ਟੀਚੇ) ਵਿਰੁੱਧ ਕਟੌਤੀ ਕੀਤੀ ਰਕਮ 'ਤੇ ਯੈੱਸ ਬੈਂਕ ਵੱਲੋਂ ਕੋਈ ਵਿਆਜ

ਅਦਾ ਨਹੀਂ ਕੀਤਾ ਜਾਏਗਾ; (iv) ਸਭ ਸ਼ਡਿਊਲ ਕੀਤੀਆਂ ਟ੍ਰਾਂਜ਼ੈਕਸ਼ਨਾਂ 'ਤੇ ਡਿਊ ਤਾਰੀਖ ਵਾਲੇ ਦਿਨ ਭਾਰਤੀ ਸਟੈਂਡਰਡ ਸਮੇਂ ਅਨੁਸਾਰ ਦੁਪਹਿਰ ਦੇ 12 ਵਜੇ ਕਾਰਵਈ ਕੀਤੀ ਜਾਏਗੀ ਬਸ਼ਰਤੇ ਕਿ ਐਸੀ ਕਾਰਵਾਈ ਕਰਨ ਲਈ ਕਾਫ਼ੀ ਬੈਲੈਂਸ ਮੌਜੂਦ ਹੈ।

18. ਵਰਤੋਂਕਾਰ ਮੰਨਦਾ ਅਤੇ ਸਵੀਕਾਰ ਕਰਦਾ ਹੈ ਕਿ ਜੇ ਉਹ ਐਪਲੀਕੇਸ਼ਨ ਵਿੱਚ ਯੈੱਸ ਬੈਂਕ ਵੱਲੋਂ ਸੰਚਾਰਿਤ ਤਰੀਕਿਆਂ ਤੋਂ ਬਿਨਾ ਕਿਸੇ ਹੋਰ ਤਰ੍ਹਾਂ ਪੈਸਾ ਲੋਡ ਕਰਨ ਦਾ ਯਤਨ ਕਰਦਾ ਹੈ ਤਾਂ ਹੋ ਸਕਦਾ ਹੈ ਕਿ ਪੈਸਾ ਜਾਂ ਰਕਮ ਐਪਲੀਕੇਸ਼ਨ ਵਿੱਚ ਲੋਡ ਨਾ ਕੀਤੀ ਜਾਏ ਅਤੇ ਯੈੱਸ ਬੈਂਕ ਐਸੀ ਕਰਮ ਜਾਂ ਪੈਸੇ ਨੂੰ ਯੈੱਸ ਬੈਂਕ ਵਿੱਚ ਵਸੂਲ ਕੀਤੇ ਜਾਣ ਵਾਲੀ ਮਿਤੀ ਤੋਂ 21 ਕਾਰਜਕਾਰੀ ਦਿਨਾਂ ਅੰਦਰ ਰੀਫ਼ੰਡ ਕਰ ਦੇਵੇਗਾ।

19. ਵਰਤੋਂਕਾਰ ਮੰਨਦਾ ਅਤੇ ਸਵੀਕਾਰ ਕਰਦਾ ਹੈ ਕਿ ਜੇ ਵਰਤੋਂਕਾਰ ਦਾ ਨਾਂ ਰੈਗੂਲੇਟਰਾਂ ਜਾਂ ਸਰਕਾਰ ਵੱਲੋਂ ਪ੍ਰਕਾਸ਼ਿਤ ਨੈਗੇਟਿਵ ਲਿਸਟ (ਮਨਫ਼ੀ ਸੂਚੀ) ਵਿੱਚ ਜ਼ਾਹਰ ਹੁੰਦਾ ਹੈ, ਤਾਂ ਯੈੱਸ ਬੈਂਕ ਕੋਈ ਵੀ ਕਾਰਵਾਈ ਜੋ ਵੀ ਉਹ ਯੋਗ ਸਮਝੇ, ਕਰ ਸਕਦਾ ਹੈ, ਬਸ਼ਮੂਲ ਪਰ ਇਸੇ ਤਕ ਹੀ ਸੀਮਿਤ ਨਹੀਂ, ਐਸੇ ਵਰਤੋਂਕਾਰ ਨੂੰ ਪ੍ਰਦਾਨ ਕੀਤੀ ਗਈ ਜਾਂ ਉਸ ਰਾਹੀਂ ਵਰਤੀ ਗਈ ਐਪਲੀਕੇਸ਼ਨ ਦੀ ਮੁਅੱਤਲੀ ਜਾਂ ਸਮਾਪਤੀ।

20. ਵਰਤੋਂਕਾਰ ਮੰਨਦਾ ਅਤੇ ਸਵੀਕਾਰ ਕਰਦਾ ਹੈ ਕਿ ਜੇ ਉਹ ਵਾਲਿਟ ਵਰਤਦੇ ਹੋਇਆਂ ਲਗਾਤਾਰ ਇਕ (01) ਸਾਲ ਲਈ ਇਕ ਵਿੱਤੀ ਟ੍ਰਾਂਜ਼ੈਕਸ਼ਨ ਮੁਕੰਮਲ ਨਹੀਂ ਕਰਦਾ, ਤਾਂ ਯੈੱਸ ਬੈਂਕ ਦੀ ਇਕਹਿਰੀ ਇੱਛਾ ਅਨੁਸਾਰ ਵਰਤੋਂਕਾਰ ਦੇ ਵਾਲਿਟ ਵਿੱਚ ਉਸ ਦੀਆਂ ਸਾਰੀਆਂ ਕ੍ਰੈਡਿਟ ਟ੍ਰਾਂਜ਼ੈਕਸ਼ਨਾਂ 'ਤੇ ਬੰਦਸ਼ ਲਗਾਈ ਜਾਏਗੀ। ਵਾਲਿਟ ਦੀ ਰੀਐਕਟੀਵੇਸ਼ਨ ਸਿਰਫ਼ ਪ੍ਰਮਾਣੀਕਰਣ ਦੀ ਅਤੇ ਬੈਂਕ ਦੁਆਰਾ ਸਮੇਂ ਸਮੇਂ ਪ੍ਰਭਾਸ਼ਿਤ ਪੁਰਸ਼ਾਰਥ ਪ੍ਰਕਿਰਿਆ ਪੂਰੀ ਹੋਣ 'ਤੇ ਹੀ ਕੀਤੀ ਜਾਏਗੀ। ਯੈੱਸ ਬੈਂਕ ਵੱਲੋਂ ਪ੍ਰਦਾਨ ਕੀਤੀ ਐਪਲੀਕੇਸ਼ਨ ਦੁਆਰਾ ਕੀਤੀਆਂ ਸਾਰੀਆਂ ਅਤੇ ਕਿਸੇ ਵੀ ਟ੍ਰਾਂਜ਼ੈਕਸ਼ਨ ਲਈ ਵਰਤੋਂਕਾਰ ਜ਼ਿੰਮੇਵਾਰ ਰਹੇਗਾ। ਵਰਤੋਂਕਾਰ ਮੰਨਦਾ ਅਤੇ ਸਵੀਕਾਰ ਕਰਦਾ ਹੈ ਕਿ ਯੈੱਸ ਬੈਂਕ ਕਿਸੇ ਵੀ ਸਮੇਂ ਜਾਂ ਵਰਤੋਂਕਾਰ ਦੁਆਰਾ ਇੱਥੇ ਬਿਆਨੇ ਨਿਯਮਾਂ ਅਤੇ ਸ਼ਰਤਾਂ ਦੀ ਉਲੰਘਣਾ ਕਰਨ ਦੀ ਹਾਲਤ ਵਿੱਚ, ਬਿਨਾ ਕਿਸੇ ਪੂਰਬ ਨੋਟਿਸ ਦੇ ਜਾਂ ਯੈੱਸ ਬੈਂਕ ਨੂੰ ਵਰਤੋਂਕਾਰ ਦੇ ਦੇਹਾਂਤ, ਦੀਵਾਲੀਆਪਣ ਜਾਂ ਕਾਨੂੰਨੀ ਸ਼ੱਮਤਾ ਦੀ ਅਣਹੋਂਦ ਦਾ ਪਤਾ ਚੱਲਦਾ ਹੈ, ਜਾਂ ਕਿਸੇ ਵੀ ਤਰ੍ਹਾਂ ਦੇ ਕਿਸੇ ਕਾਰਨ ਕਰਕੇ ਸਹੂਲਤਾਂ ਨੂੰ ਵਾਪਸ ਲੈ ਸਕਦਾ ਜਾਂ ਸਮਾਪਤ ਕਰ ਸਕਦਾ ਹੈ।

21. ਵਰਤੋਂਕਾਰ ਮੰਨਦਾ ਅਤੇ ਸਵੀਕਾਰ ਕਰਦਾ ਹੈ ਕਿ ਯੈੱਸ ਬੈਂਕ ਇਸ ਐਪਲੀਕੇਸ਼ਨ ਦੁਆਰਾ ਸਹੂਲਤਾਂ ਸਿੱਧੇ ਰੂਪ ਵਿੱਚ ਜਾਂ ਆਪਣੇ ਸਹਿਯੋਗੀਆਂ, ਨੁਮਾਇੰਦਿਆਂ, ਏਜੰਟਾਂ ਜਾਂ ਆਪਣੇ ਨਾਂ 'ਤੇ ਠੇਕੇ 'ਤੇ ਰੱਖੇ ਸੇਵਾ ਪ੍ਰਦਾਤਾਵਾਂ ਰਾਹੀਂ ਪ੍ਰਦਾਨ ਕਰ ਸਕਦਾ ਹੈ।

22. ਵਰਤੋਂਕਾਰ ਮੰਨਦਾ, ਰਾਜ਼ੀ ਹੁੰਦਾ ਅਤੇ ਸਵੀਕਾਰ ਕਰਦਾ ਹੈ ਕਿ ਜੇ ਸਹੂਲਤਾਂ ਬਾਰੇ ਵਰਤੋਂਕਾਰ ਵੱਲੋਂ ਯੈੱਸ ਬੈਂਕ ਨੂੰ ਦਿੱਤੀ ਗਈ ਜਾਣਕਾਰੀ ਵਿੱਚ ਕੋਈ ਫ਼ਰਕ ਜਾਂ ਅਸੰਗਤੀ ਪਾਈ ਜਾਂਦੀ ਜਾਂ ਪ੍ਰਗਟ ਹੁੰਦੀ ਹੈ, ਤਾਂ ਐਸੀ ਜਾਣਕਾਰੀ ਦਾ ਪੂਰਾ ਜ਼ਿੰਮਾ, ਦੇਣਕਾਰੀ ਅਤੇ ਜ਼ਿੰਮੇਵਾਰੀ ਵਰਤੋਂਕਾਰ ਦੇ ਸਿਰ ਹੀ ਹੋਏਗੀ। ਵਰਤੋਂਕਾਰ ਮੰਨਦਾ, ਸਵੀਕਾਰ ਕਰਦਾ ਅਤੇ ਪੁਸ਼ਟੀ ਕਰਦਾ ਹੈ ਕਿ ਉਹ ਸਹੂਲਤਾਂ ਬਾਰੇ ਸਭ ਸਮਿਆਂ 'ਤੇ ਸਹੀ ਜਾਣਕਾਰੀ ਯੈੱਸ ਬੈਂਕ ਨੂੰ ਪ੍ਰਦਾਨ ਕਰੇਗਾ। ਜੇ ਵਰਤੋਂਕਾਰ ਨੂੰ ਸ਼ਕ ਹੋਵੇ ਕਿ ਯੈੱਸ ਬੈਂਕ ਨੂੰ ਦਿੱਤੀ ਗਈ ਜਾਣਕਾਰੀ ਵਿੱਚ ਕੋਈ ਗਲਤੀ ਜਾਂ ਫ਼ਰਕ ਹੈ ਜਾਂ ਸੀ, ਤਾਂ ਵਰਤੋਂਕਾਰ ਯੈੱਸ ਬੈਂਕ ਨੂੰ ਫ਼ੌਰਨ ਸੂਚਿਤ ਕਰੇਗਾ। ਐਸੀ ਸੂਚਨਾ ਵਸੂਲ ਕਰਨ 'ਤੇ, ਯੈੱਸ ਬੈਂਕ ਬਿਹਤਰੀਨ ਪ੍ਰਯਤਨਾਂ ਦੇ ਆਧਾਰ 'ਤੇ, ਜਿੱਥੇ ਵੀ ਸੰਭਵ ਹੋਵੇ ਤਤਪਰ ਗਲਤੀ ਠੀਕ ਕਰਨ ਦਾ ਯਤਨ ਕਰੇਗਾ।

**ਐੱਚ. ਸਮਾਪਤੀ :**

1. ਜੇ ਵਰਤੋਂਕਾਰ ਨੇ ਇੱਥੇ ਬਿਆਨੇ ਨਿਯਮਾਂ ਅਤੇ ਸ਼ਰਤਾਂ ਦੀ ਉਲੰਘਣਾ ਕੀਤੀ ਹੈ ਜਾਂ ਯੈੱਸ ਬੈਂਕ ਨੂੰ ਵਰਤੋਂਕਾਰ ਦੇ ਦੇਹਾਂਤ, ਦੀਵਾਲੀਆਪਣ ਜਾਂ ਕਾਨੂੰਨੀ ਸ਼ੱਮਤਾ ਦੀ ਅਣਹੋਂਦ ਦੀ ਜਾਣਕਾਰੀ ਮਿਲਦੀ ਹੈ, ਤਾਂ ਯੈੱਸ ਬੈਂਕ ਆਪਣੀ ਇਕਹਿਰੀ ਇੱਛਾ ਅਨੁਸਾਰ ਪੂਰੇ ਜਾਂ ਆਂਸ਼ਕ ਰੂਪ ਇੱਚ, ਬਿਨਾ ਵਰਤੋਂਕਾਰ ਨੂੰ ਪੂਰਬ ਨੋਟਿਸ ਦਿੱਤਿਆਂ ਸਹੂਲਤਾਂ ਨੂੰ ਆਰਜ਼ੀ ਤੌਰ 'ਤੇ ਵਾਪਸ ਲੈ ਸਕਦਾ ਜਾਂ ਸਮਾਪਤ ਹੀ ਕਰ ਸਕਦਾ ਹੈ।

2. ਵਰਤੋਂਕਾਰ ਮੰਨਦਾ ਅਤੇ ਸਵੀਕਾਰ ਕਰਦਾ ਹੈ ਕਿ ਵਰਤੋਂਕਾਰ ਦੀ ਐਪਲੀਕੇਸ਼ਨ ਨੂੰ ਬੰਦ ਕਰਨ ਨਾਲ ਸਹੂਲਤਾਂ ਆਪਣੇ ਆਪ ਹੀ ਸਮਾਪਤ ਹੋ ਜਾਣਗੀਆਂ। ਵਰਤੋਂਕਾਰ ਸਵੈਇੱਛਾ ਨਾਲ ਆਪਣੇ ਵਾਲਿਟ ਨੂੰ ਬੰਦ ਕਰ ਸਕਦਾ ਹੈ। ਵਾਲਿਟ ਦੇ ਸਵੈਇੱਛਾ ਨਾਲ ਬੰਦ ਕਰਨ ਦੀ ਹਾਲਤ ਵਿੱਚ, ਵਾਲਿਟ ਵਿੱਚ ਰਹੇ ਬੈਲੇਂਸ ਦੇ ਪੈਸੇ ਨੂੰ ਸਿਰਫ਼ ਵਰਤੋਂਕਾਰ ਦੇ ਹੀ ਪੁਸ਼ਟੀਕ੍ਰਿਤ (ਯੈੱਸ ਬੈਂਕ ਰਾਹੀਂ ਬੈਸਿਸ ਪੁਸ਼ਟੀ ਕੀਤੀ ਜਾਣੀ) ਬੈਂਕ ਖਾਤੇ ਵਿੱਚ ਟ੍ਰਾਂਸਫ਼ਰ ਕਰ ਦਿੱਤਾ ਜਾਏਗਾ। ਵਰਤੋਂਕਾਰ ਬੇਸ਼ਰਤ ਇਹ ਮੰਨਦਾ ਹੈ ਕਿ ਉਹ ਬੈਂਕ ਖਾਤੇ ਦਾ ਵੇਰਵਾ (ਖਾਤਾ ਨੰਬਰ ਅਤੇ ਆਈਐਫ਼ਐਸਸੀ ਕੋਡ) ਪ੍ਰਦਾਨ ਕਰੇਗਾ ਤਾਂ ਜੋ ਬੈਂਕ ਯੈੱਸ ਬੈਂਕ ਵਿੱਚ ਜਾਂ ਭਾਰਤ ਵਿੱਚ ਰੱਖੇ ਖਾਤੇ ਦੇ ਵੇਰਵੇ ਦੀ ਪੁਸ਼ਟੀ ਕਰ ਸਕੇ।

3. ਵਰਤੋਂਕਾਰ ਮੰਨਦਾ ਅਤੇ ਸਵੀਕਾਰ ਕਰਦਾ ਹੈ ਕਿ ਵਰਤੋਂਕਾਰ ਵੱਲੋਂ ਬੰਦ ਕਰਨ ਦੀ ਦਰਖ਼ਾਸਤ 'ਤੇ, ਯੈੱਸ ਬੈਂਕ ਨੂੰ ਇਹ ਅਖਤਿਆਰ ਹੋਏਗਾ ਕਿ ਉਹ ਵਰਤੋਂਕਾਰ ਦੇ ਬੈਂਕ ਖਾਤੇ ਵਿੱਚ ਅਸਲੀ ਰਕਮ ਟ੍ਰਾਂਸ਼ਫ਼ਰ ਕਰਨ ਤੋਂ ਪਹਿਲਾਂ ਇਕ ਨਿਰਧਾਰਿਤ ਰਕਮ *(ਜੋ ਕਿ ਬੈਂਕ ਦੀ ਇਕਹਿਰੀ ਇੱਛਾ ਅਨੁਸਾਰ ਨਿਸ਼ਚਿਤ ਕੀਤੀ ਜਾਏਗੀ ਅਤੇ ਐਸੀ ਦਰਖ਼ਾਸਤ ਕਰਨ ਦੇ ਵੇਲੇ ਵਰਤੋਂਕਾਰ ਨੂੰ ਸੂਚਿਤ ਕੀਤੀ ਜਾਏਗੀ)* ਨੂੰ ਡੈਬਿਟ ਕਰ ਸਕੇ। ਵਰਤੋਂਕਾਰ ਬੇਸ਼ਰਤ ਅਤੇ ਅਟੱਲ ਰੂਪ ਵਿੱਚ ਸਵੀਕਾਰ ਕਰਦਾ ਹੈ ਕਿ ਉਹ ਵਰਤੋਂਕਾਰ ਦੇ ਬੈਂਕ ਖਾਤੇ ਵਿੱਚ ਅਸਲੀ ਪੈਸੇ ਦੇ ਜਮ੍ਹਾ ਕਰਾਉਣ ਅਤੇ/ਜਾਂ ਟ੍ਰਾਂਸਫ਼ਰ ਕੀਤੇ ਜਾਣ ਤੋਂ ਪਹਿਲਾਂ, ਯੈੱਸ ਬੈਂਕ ਦੁਆਰਾ ਤੈਅ ਕੀਤੀ ਪੁਸ਼ਟੀਕਰਨ ਪ੍ਰਕਿਰਿਆ ਦੀ ਪਾਲਣਾ ਕਰੇਗਾ।

4. ਜਦ ਤਕ ਲਾਗੂ ਕਾਨੂੰਨ ਜਾਂ ਵਿਨਿਯਮ ਦੁਆਰਾ ਉਂਜ ਪ੍ਰਦਾਨ ਨਾ ਕੀਤਾ ਗਿਆ ਹੋਵੇ, ਯੈੱਸ ਬੈਂਕ ਆਪਣੇ ਇਕਹਿਰੇ ਅਧਿਕਾਰ ਨੂੰ ਰਾਖਵਾਂ ਰੱਖਦਾ ਹੈ ਕਿ ਉਹ ਕਿਸੇ ਵੀ ਵੇਲੇ, ਬਿਨਾ ਵਰਤੋਂਕਾਰ ਨੂੰ ਪੂਰਬ ਸੂਚਨਾ ਦਿੱਤਿਆਂ, ਸਹੂਲਤਾਂ ਨੂੰ ਸਮਾਪਤ ਕਰ ਸਕੇ ਅਤੇ/ਜਾਂ ਇਹਨਾਂ ਸਹੂਲਤਾਂ ਦੀ ਵਰਤੋਂ ਕਰਦੇ ਹੋਇਆਂ ਇਜਾਜ਼ਤ ਦਿੱਤੀਆਂ ਗਈਆਂ ਟ੍ਰਾਂਜ਼ੈਕਸ਼ਨਾਂ ਵਿੱਚ ਵਿਸਤਾਰ ਕਰ ਸਕੇ, ਉਹਨਾਂ ਨੂੰ ਘਟਾ ਜਾਂ ਮੁਅੱਤਲ ਕਰ ਸਕੇ ਜਾਂ ਇਹਨਾਂ ਸਹੂਲਤਾਂ ਨਾਲ ਸੰਬੰਧਿਤ ਪ੍ਰਕਿਰਿਆਵਾਂ ਅਤੇ ਟ੍ਰਾਂਜ਼ੈਕਸ਼ਨ ਸੀਮਾਵਾਂ ਨੂੰ ਬਦਲ ਸਕੇ।

5. ਯੈੱਸ ਬੈਂਕ ਹੋ ਸਕਦਾ ਹੈ, ਕਿ ਆਪਣੀ ਇਕਹਿਰੀ ਮਰਜ਼ੀ ਅਨੁਸਾਰ, ਵਰਤੋਂਕਾਰ ਨੂੰ ਬਿਨਾ ਕੋਈ ਪੂਰਬ ਸੂਚਨਾ ਜਾਂ ਕਾਰਨ ਦਿੱਤਿਆਂ, ਪੂਰੇ ਜਾਂ ਆਂਸ਼ਕ ਰੂਪ ਵਿੱਚ ਸਹੂਲਤਾਂ ਨੂੰ ਆਰਜ਼ੀ ਤੌਰ 'ਤੇ ਵਾਪਸ ਲੈ ਲਏ।

6. ਯੈੱਸ ਬੈਂਕ ਹੋ ਸਕਦਾ ਹੈ, ਬਿਨਾ ਕਿਸੇ ਪੂਰਬ ਸੂਚਨਾ ਦੇ, ਕਿਸੇ ਵੀ ਸਮੇਂ, ਲੋੜੀਂਦੇ ਕਿਸੇ ਵੀ ਦੇਖਰੇਖ ਦੇ ਕੰਮ ਜਾਂ ਮਰੰਮਤ ਕਾਰਨ ਸਹੂਲਤਾਂ ਨੂੰ ਮੁਅੱਤਲ ਕਰ ਦੇਵੇ ਜਾਂ ਕਿਸੇ ਇਮਰਜੰਸੀ ਜਾਂ ਸੁਰੱਖਿਆ ਕਾਰਨਾਂ ਕਰਕੇ, ਜਦ ਕਿ ਸਹੂਲਤ ਦੀ ਮੁਅੱਤਲੀ ਜਾਂ ਸਮਾਪਤੀ ਜ਼ਰੂਰੀ ਹੋ ਜਾਏ।

**ਆਈ. ਇਨਡੈਮਨਿਟੀ (ਨੁਕਸਾਨ ਤੋਂ ਸੁਰੱਖਿਆ):**

1. ਵਰਤੋਂਕਾਰ ਨੂੰ ਸਹੂਲਤਾਂ ਪ੍ਰਦਾਨ ਕਰਨ ਦੀ ਗੱਲ ਨੂੰ ਸਵੀਕਾਰ ਕਰਦੇ ਹੋਇਆਂ ਯੈੱਸ ਬੈਂਕ ਬਾਰੇ ਵਿਚਾਰ ਕਰੀਏ, ਤਾਂ ਵਰਤੋਂਕਾਰ ਆਪਣੇ ਖ਼ਰਚੇ 'ਤੇ, ਅਟੱਲ ਰੂਪ ਵਿੱਚ ਅਤੇ ਬੇਸ਼ਰਤ ਮੰਨਦਾ ਹੈ ਕਿ ਉਹ ਯੈੱਸ ਬੈਂਕ ਅਤੇ ਇਸ ਦੇ ਡਾਇਰੈਕਟਰਾਂ, ਅਫ਼ਸਰਾਂ, ਮਾਲਕਾਂ, ਏਜੰਟਾਂ, ਕੋ-ਬ੍ਰਾਂਡਰਾਂ ਜਾਂ ਹੋਰ ਪਾਰਟਨਰਾਂ, ਕਰਮਚਾਰੀਆਂ, ਸੂਚਨਾ ਪ੍ਰਦਾਤਾਵਾਂ, ਲਾਇਸੈਂਸਰਾਂ, ਲਾਇਸੈਂਸੀਆਂ,

ਸਲਾਹਕਾਰਾਂ, ਕਾਂਟ੍ਰੈਕਟਰਾਂ ਅਤੇ ਹੋਰ ਲਾਗੂ ਤੀਜੀਆਂ ਪਾਰਟੀਆਂ (ਸਮੂਹਕ ਤੌਰ 'ਤੇ ''ਇਨਡੈਮਨੀਫ਼ਾਈਡ ਪਾਰਟੀਜ਼'') ਨੂੰ ਕਿਸੇ ਵੀ ਅਤੇ ਸਾਰੇ ਨੁਕਸਾਨਾਂ, ਹਾਨੀਆਂ, ਦਾਅਵਿਆਂ, ਕਾਰਜ ਦੇ ਕਾਰਨਾਂ, ਡੈਬਿਟ ਜਾਂ ਦੇਣਦਾਰੀ, ਬਸ਼ਮੂਲ ਮੁਨਾਸਿਬ ਵਕੀਲ ਦੀ ਫ਼ੀਸ, ਅਤੇ ਇਨਡੈਮਨੀਫ਼ਾਈਡ ਪਾਰਟੀਆਂ ਰਾਹੀਂ ਅੱਗੇ ਬਿਆਨੇ ਗਏ ਕਾਰਨਾਂ ਕਰਕੇ ਕੀਤੇ ਖ਼ਰਚਿਆਂ ਜਾਂ ਕੀਤੇ ਜਾ ਸਕਣ ਵਾਲੇ ਖ਼ਰਚਿਆਂ ਵਿਰੁੱਧ ਸੁਰਖਿਅਤ ਰੱਖਣ, ਬਚਾਉਣ ਅਤੇ ਹਾਨੀਰਹਿਤ ਬਣਾਉਣ ਦਾ ਕੰਮ ਕਰੇਗਾ: (i) ਵਰਤੋਂਕਾਰ ਵੱਲੋਂ ਇੱਥੇ ਬਿਆਨੇ ਗਏ ਕਿਸੇ ਵੀ ਨਿਯਮਾਂ ਅਤੇ ਸ਼ਰਤਾਂ ਜਾਂ ਯੈੱਸ ਬੈਂਕ ਦੁਆਰਾ, ਸਮੇਂ ਸਮੇਂ, ਤੈਅ ਕੀਤੇ ਗਏ ਕਿਸੇ ਵੀ ਹੋਰ ਵਧੀਕ ਨਿਯਮਾਂ ਅਤੇ ਸ਼ਰਤਾਂ ਤੇ ਨੀਤੀਆਂ ਦੀ ਉਲੰਘਣਾਜਾਂ ਗੈਰ-ਪਾਲਣਾ; (ii) ਸਹੂਲਤਾਂ ਦੀ ਵਰਤੋਂ ਦੇ ਸੰਬੰਧ ਵਿੱਚੋਂ ਉਜਾਗਰ ਹੋਣ ਵਾਲੀਆਂ ਵਰਤੋਂਕਾਰ ਦੀਆਂ ਕਿਰਿਆਵਾਂ ਦੇ ਕਾਰਨ ਇਨਡੈਮਨੀਫ਼ਾਈਡ ਪਾਰਟੀਆਂ ਵਿਰੁੱਧ ਕੋਈ ਵੀ ਦਾਅਵਾ, ਮੰਗ, ਵਿਵਾਦ ਜਾਂ ਮੁਕੱਦਮੇਬਾਜ਼ੀ; ਅਤੇ (iii) ਵਰਤੋਂਕਾਰ ਵੱਲੋਂ ਕੋਈ ਵੀ ਅਣਗਹਿਲੀ ਜਾਂ ਕਿਸੇ ਵੀ ਕਾਨੂੰਨ ਜਾਂ ਤੀਜੀ ਪਾਰਟੀ ਦੇ ਅਧਿਕਾਰਾਂ ਦੀ ਉਲੰਘਣਾ ਜਾਂ ਕਥਿਤ ਉਲੰਘਣਾ।

2. ਵਰਤੋਂਕਾਰ ਸਵੀਕਾਰ ਕਰਦਾ ਅਤੇ ਪੁਸ਼ਟੀ ਕਰਦਾ ਹੈ ਕਿ ਯੈੱਸ ਬੈਂਕ ਦੁਆਰਾ ਸਹੂਲਤਾਂ ਦੇ ਪੂਰੀ ਤਰ੍ਹਾਂ ਜਾਂ ਆਂਸ਼ਕ ਰੂਪ ਵਿੱਚ ਵਾਪਸ ਲੈ ਲੈਣ ਦੇ ਬਾਵਜੂਦ, ਇਹ ਇਨਡੈਮਨਿਟੀ (ਸੁਰੱਖਿਆ) ਜਾਇਜ਼ ਤੇ ਅਸਤਿੱਤਵ ਵਾਲੀ ਅਤੇ ਵਰਤੋਂਕਾਰ ਉੱਤੇ ਬੰਧਨਕਾਰੀ ਬਣੀ ਰਹੇਗੀ।
3. ਵਰਤੋਂਕਾਰ ਸਵੀਕਾਰ ਕਰਦਾ ਅਤੇ ਪੁਸ਼ਟੀ ਕਰਦਾ ਹੈ ਕਿ ਸਹੂਲਤਾਂ ਦੀ ਸਮਾਪਤੀ ਜਾਂ ਖ਼ਾਤਮੇ ਦੇ ਬਾਵਜੂਦ, ਇਹ ਇਨਡੈਮਨਿਟੀ ਇਕ ਜਾਰੀ ਰਹਿਣ ਯੋਗ ਇਨਡੈਮਨਿਟੀ ਹੈ ਅਤੇ ਇਹ ਜਾਇਜ਼ ਤੇ ਅਸਤਿੱਤਵ ਵਾਲੀ ਅਤੇ ਵਰਤੋਂਕਾਰ ਉੱਤੇ ਬੰਧਨਕਾਰੀ ਬਣੀ ਰਹੇਗੀ।
4. ਵਰਤੋਂਕਾਰ ਸਵੀਕਾਰ ਕਰਦਾ ਅਤੇ ਪੁਸ਼ਟੀ ਕਰਦਾ ਹੈ ਕਿ ਉਹ ਇਨਡੈਮਨੀਫ਼ਾਈਡ ਪਾਰਟੀਆਂ ਨੂੰ ਐਸੀ ਰਕਮ ਅਦਾ ਕਰੇਗਾ ਜੋ ਇਨਡੈਮਨੀਫ਼ਾਈਡ ਪਾਰਟੀਆਂ ਵੱਲੋਂ ਇਹਨਾਂ ਨੂੰ ਐਸੇ ਕਿਸੇ ਵੀ ਨੁਕਸਾਨ, ਲਾਗਤ ਅਤੇ ਦਾਅਵੇ ਜਾਂ ਖ਼ਰਚਿਆਂ ਵਿਰੁੱਧ ਇਨਡੈਮਨੀਫ਼ਾਈ ਕਰੇ, ਬੇਸ਼ਕ ਇਹ ਖ਼ਰਚੇ ਸਾਇਦ ਪੈਦਾ ਹੀ ਨਾ ਹੋਣ ਜਾਂ ਪ੍ਰਕਾਰ ਵਿੱਚ ਇਤਫ਼ਾਕੀਆ ਹੋਣ।

**ਜੇ. ਭੇਤਦਾਰੀ** :

1. ਜਿੱਥੋਂ ਤਕ ਲਾਗੂ ਕਾਨੂੰਨ ਰਾਹੀਂ ਮਨਾਹੀ ਨਾ ਕੀਤੀ ਗਈ ਹੋਵੇ, ਯੈੱਸ ਬੈਂਕ ਨੂੰ ਇਹ ਅਖਤਿਆਰ ਹੋਏਗਾ ਕਿ ਉਹ ਵਰਤੋਂਕਾਰ ਨਾਲ ਸੰਬੰਧਿਤ ਕਿਸੇ ਵੀ ਗੁਪਤ ਜਾਣਕਾਰੀ ਜਾਂ ਸਹੂਲਤਾਂ ਨੂੰ ਵਰਤਣ ਜਾਂ ਉਹਨਾਂ ਦਾ ਲਾਭ ਉਠਾਉਣ ਲਈ ਵਰਤੋਂਕਾਰ ਰਾਹੀਂ ਦਿੱਤੀ ਗਈ ਕਿਸੇ ਵੀ ਹੋਰ ਜਾਣਕਾਰੀ ਨੂੰ ਆਪਣੀਆਂ ਸ਼ਾਖਾਵਾਂ ਨੂੰ ਅਤੇ ਉਹਨਾਂ ਵਿਚਕਾਰ, ਨੁਮਾਇੰਦਾ ਦਫ਼ਤਰਾਂ, ਸਹਿਯੋਗੀਆਂ, ਨੁਮਾਇੰਦਿਆਂ, ਆਡੀਟਰਾਂ ਅਤੇ ਯੈੱਸ ਬੈਂਕ ਦੁਆਰਾ ਚੁਣੀਆਂ ਗਈਆਂ ਤੀਜੀਆਂ ਪਾਰਟੀਆਂ ਨੂੰ, ਉਹ ਜਿੱਥੇ ਵੀ ਸਥਾਪਿਤ ਹੋਣ, ਟ੍ਰਾਂਸਫ਼ਰ ਕਰ ਸਕੇ।
2. ਯੈੱਸ ਬੈਂਕ ਨੂੰ ਇਹ ਅਖ਼ਤਿਆਰ ਹੋਏਗਾ ਕਿ ਉਹ ਕਿਸੇ ਵੀ ਸਮੇਂ ਆਪਣੇ ਕੋਲ ਮੌਜੂਦ ਅਤੇ ਗਿਆਨ ਵਿੱਚ ਵਰਤੋਂਕਾਰ ਸੰਬੰਧੀ ਕੋਈ ਵੀ ਜਾਂ ਸਾਰੀ ਜਾਣਕਾਰੀ, ਜਿਵੇਂ ਉਹ ਯੋਗ ਸਮਝੇ, ਕਿਸੇ ਵੀ ਹੋਰ ਬੈਂਕ ਜਾਂ ਸਭਾ ਜਾਂ ਵਿੱਤੀ ਸੰਸਥਾ ਜਾਂ ਕਿਸੇ ਵੀ ਹੋਰ ਬਾਡੀ ਨੂੰ ਪ੍ਰਗਟਾ ਸਕੇ।
3. ਇਹ ਮੱਦ, ਯੈੱਸ ਬੈਂਕ ਰਾਹੀਂ ਵਰਤੋਂਕਾਰ ਨੂੰ ਪ੍ਰਦਾਨ ਕੀਤੀਆਂ ਗਈਆਂ ਸਹੂਲਤਾਂ ਦੀ ਸਮਾਪਤੀ ਜਾਂ ਖ਼ਤਮ ਹੋਣ ਦੇ ਬਾਅਦ ਵੀ ਮੌਜੂਦ ਰਹੇਗੀ

**ਕੇ. ਬੇਦਾਅਵੇ** :

1. ਯੈੱਸ ਬੈਂਕ ਨੂੰ ਅਗਲੇ ਮਾਮਲਿਆਂ ਵਿੱਚ ਕਿਸੇ ਵੀ ਜਾਂ ਸਾਰੀਆਂ ਦੇਣਦਾਰੀਆਂ ਤੋਂ ਮੁਕਤ ਕੀਤਾ ਜਾਏਗਾ: (i) *ਫ਼ੋਰਸ ਮੇਯਰ* ਯਾਨੀ ਅਮੋੜ ਸ਼ਕਤੀਆਂ ਦੇ ਕਾਰਨ, ਬਸ਼ਮੂਲ ਪਰ ਇਸੇ ਤਕ ਮੀਮਿਤ ਨਹੀਂ, ਲੋੜੀਂਦੇ ਭੂਗੋਲਕ ਹਲਕੇ ਅੰਦਰ

ਨਾ ਹੋਣ ਜਾਂ ਕਿਸੇ ਹੋਰ ਕਾਰਨ ਕਰਕੇ, ਬਸ਼ਮੂਲ ਕੁਦਰਤੀ ਆਫ਼ਤਾਂ ਜਾਂ ਕਿਸੇ ਵੀ ਕਾਨੂੰਨੀ ਬੰਦਸ਼ਾ ਜਾਂ ਟੈਲੀਸੰਚਾਰ ਨੈੱਟਵਰਕ ਵਿੱਚ ਜਾਂ ਕਿਸੇ ਵੀ ਹੋਰ ਕਾਰਨ ਕਰਕੇ ਜੋ ਕਿ ਯੈੱਸ ਬੈਂਕ ਦੇ ਵਾਸਤਵਿਕ ਕਾਬੂ ਤੋਂ ਪਰ੍ਹੇ ਹੋਵੇ, ਵਰਤੋਂਕਾਰ ਸਹੂਲਤਾਂ ਦਾ ਲਾਭ ਨਹੀਂ ਉਠਾ ਸਕਦਾ; (ii) ਉਪਰੋਕਤ ਕਾਰਨਾਂ ਕਰਕੇ ਸਹੂਲਤਾਂ ਵਿੱਚ ਕਿਸੇ ਵੀ ਅਣਗਹਿਲੀ ਕਾਰਨ ਵਰਤੋਂਕਾਰ ਜਾਂ ਕਿਸੇ ਵੀ ਹੋਰ ਵਿਅਕਤੀ ਰਾਹੀਂ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਉਠਾਣੇ ਨੁਕਸਾਨ ਕਾਰਨ ਪੈਦਾ ਹੋਣ ਵਾਲੀ ਕਿਸੇ ਵੀ ਤਰ੍ਹਾਂ ਦੀ ਦੇਣਦਾਰੀ; (iii) ਪ੍ਰੋਸੈਸਿੰਗ ਜਾਂ ਟ੍ਰਾਂਸਮਿਸ਼ਨ ਦੌਰਾਨ ਕਿਸੇ ਵੀ ਗੁਪਤ ਜਾਣਕਾਰੀ ਦਾ ਨੁਕਸਾਨ ਜਾਂ ਕਿਸੇ ਹੋਰ ਵਿਅਕਤੀ ਰਾਹੀਂ ਕੋਈ ਵੀ ਅਨਾਧਕ੍ਰਿਤ ਪਹੁੰਚ ਜਾਂ ਭੇਤਦਾਰੀ ਦੀ ਉਲੰਘਣਾ; (iv) ਸੇਵਾ ਪ੍ਰਦਾਤਾਵਾਂ ਜਾਂ ਕਿਸੇ ਵੀ ਤੀਜੀ ਪਾਰਟੀ ਵੱਲੋਂ ਕੋਈ ਵੀ ਗਲਤੀ ਜਾਂ ਅਸਫਲਤਾ ਜੋ ਸਹੂਲਤਾਂ ਨੂੰ ਪ੍ਰਭਾਵਤ ਕਰੇ।

2. ਯੈੱਸ ਬੈਂਕ ਸਹੂਲਤਾਂ ਨਾਲ ਸੰਬੰਧਿਤ, ਕਿਸੇ ਵੀ ਐਸੇ ਸੇਵਾ ਪ੍ਰਦਾਤਾ ਜਾ ਕਿਸੇ ਵੀ ਤੀਜੀ ਪਾਰਟੀ ਰਾਹੀਂ ਪ੍ਰਦਾਨ ਕੀਤੀ ਗਈ ਸੇਵਾ ਦੀ ਗੁਣਵੱਤਾ ਬਾਰੇ, ਪ੍ਰਗਟ ਜਾਂ ਨਿਹਿਤ ਰੂਪ ਵਿੱਚ, ਕੋਈ ਵਾਰੰਟੀ ਨਹੀਂ ਦਿੰਦਾ।

3. ਐਪਲੀਕੇਸ਼ਨ ਦੁਆਰਾ ਵਰਤੋਂਕਾਰ ਵੱਲੋਂ ਨਵੇਂ ਕ੍ਰੈਡਿਟ ਕਾਰਡ ਜਾਂ ਟ੍ਰੈਵਲ ਕਾਰਡ ਲਈ ਸਭ ਦਰਖ਼ਾਸਤਾਂ ਯੈੱਸ ਬੈਂਕ ਦੀ ਇਕਹਿਰੀ ਇੱਛਾ ਅਨੁਸਾਰ ਹੀ ਹੋਣਗੀਆਂ। ਵਰਤੋਂਕਾਰ ਮੰਨਦਾ ਅਤੇ ਪੁਸ਼ਟੀ ਕਰਦਾ ਹੈ ਕਿ ਇਕ ਨਵੇਂ ਕ੍ਰੈਡਿਟ ਕਾਰਡ ਜਾਂ ਟ੍ਰੈਵਲ ਕਾਰਡ ਲਈ ਦਰਖ਼ਾਸਤ ਦਰਜ ਕਰਾਉਣ ਦਾ ਇਹ ਮਤਲਬ ਨਹੀਂ ਹੋਏਗਾ ਕਿ ਯੈੱਸ ਬੈਂਕ ਨੇ ਦਰਖ਼ਾਸਤ ਨੂੰ ਸਵੀਕਾਰ ਕਰ ਲਿਆ ਹੈ। ਵਰਤੋਂਕਾਰ ਵੱਲੋਂ ਵਸੂਲੀ ਗਈ ਦਰਖ਼ਾਸਤ ਦੀ ਸਵੀਕ੍ਰਿਤੀ ਐਸੇ ਕ੍ਰੈਡਿਟ ਕਾਰਡ ਜਾਂ ਟ੍ਰੈਵਲ ਕਾਰਡ ਨੂੰ ਇਸ਼ੂ ਕਰਨ ਲਈ ਯੈੱਸ ਬੈਂਕ ਦੇ ਤੈਅ ਕੀਤੇ ਗਏ ਨਿਯਮਾਂ ਅਤੇ ਸ਼ਰਤਾਂ ਨੂੰ ਪੂਰਾ ਕਰਨ 'ਤੇ ਹੀ ਦਿੱਤੀ ਜਾਏਗੀ।

4. ਯੈੱਸ ਬੈਂਕ ਸਹੂਲਤਾਂ ਦੇ ਸੰਬੰਧ ਵਿੱਚ ਐਪਲੀਕੇਸ਼ਨ ਰਾਹੀਂ ਨਿੱਜੀ ਜਾਂ ਉਂਜ ਭੇਜੇ ਗਏ ਸੰਦੇਸ਼ਾਂ ਜਾਂ ਨੋਟੀਫ਼ਿਕੇਸ਼ਨਾਂ ਦੀ ਭੇਤਦਾਰੀ ਜਾਂ ਸੁਰੱਖਿਆ ਦੀ ਵਾਰੰਟੀ ਨਹੀਂ ਦਿੰਦਾ।

5. ਯੈੱਸ ਬੈਂਕ ਸਿਸਟਮ ਅਤੇ ਨੈੱਟਵਰਕ ਜਾਂ ਇਹਨਾਂ ਦੇ ਕੰਮ ਜਾਂ ਕਾਰਗੁਜ਼ਾਰੀ ਜਾਂ ਵਰਤੋਂ ਜਾਂ ਕਿਸੇ ਵੀ ਵਿਅਕਤੀ ਰਾਹੀਂ ਸਹੂਲਤਾਂ ਨਾਲ ਸੰਬੰਧਿਤ ਨਤੀਜੇ ਵਜੋਂ ਉਠਾਏ ਕਿਸੇ ਵੀ ਤਰ੍ਹਾਂ ਦੇ ਕਿਸੇ ਨੁਕਸਾਨ ਲਈ ਕੋਈ ਵਾਰੰ ਨਹੀਂ ਦਿੰਦਾ ਨਾ ਹੀ ਇਸ ਲਈ ਕੋਈ ਪ੍ਰਸਤੁਤੀ ਕਰਦਾ ਹੈ।

6. ਯੈੱਸ ਬੈਂਕ ਅਤੇ/ਜਾਂ ਇਸ ਦੇ ਡਾਇਰੈਕਟਰ, ਕਰਮਚਾਰੀ, ਏਜੰਟ ਜਾਂ ਕਾਂਟ੍ਰੈਕਟਰ ਅਗਲੇ ਮਾਮਲਿਆਂ ਲਈ ਦੇਣਦਾਰ ਨਹੀਂ ਹੋਣਗੇ; ਦਰਖ਼ਾਸਤ ਨੂੰ ਵਸੂਲਣ ਅਤੇ ਉਸ ਦੀ ਪ੍ਰਕਿਰਿਆ ਕਰਨ ਵਿੱਚ ਅਤੇ ਹੁੰਗਾਰੇ ਤਿਆਰ ਕਰਨ ਅਤੇ ਮੋੜਨ ਵਿੱਚ ਜਾਂ ਵਰਤੋਂਕਾਰ ਅਤੇ ਕਿਸੇ ਵੀ ਸੇਵਾ ਪ੍ਰਦਾਤਾ ਦੇ ਨੈੱਟਵਰਕ ਅਤੇ ਯੈੱਸ ਬੈਂਕ ਦੇ ਸਿਸਟਮ ਦੇ ਕਿਸੇ ਵੀ ਟੈਲੀਕਮਿਊਨੀਕੇਸ਼ਨ ਉਪਕਰਨ ਨੂੰ ਜਾਂ ਵੱਲੋਂ ਕਿਸੇ ਵੀ ਜਾਣਕਾਰੀ ਜਾਂ ਸੰਦੇਸ਼ ਭੇਜਣ ਵਿੱਚ ਨਾਕਾਮਯਾਬੀ, ਦੇਰ, ਰੁਕਾਵਟ, ਮੁਅੱਤਲੀ, ਬੰਦਸ਼ ਜਾਂ ਗਲਤੀ ਲਈ, ਜਾਂ ਵਰਤੋਂਕਾਰ, ਯੈੱਸ ਬੈਂਕ ਦੇ ਸਿਸਟਮ ਜਾਂ ਕਿਸੇ ਵੀ ਸੇਵਾ ਪ੍ਰਦਾਤਾ ਅਤੇ/ਜਾਂ ਤੀਜੀ ਪਾਰਟੀ, ਜੋ ਕਿ ਸਹੂਲਤਾਂ ਪ੍ਰਦਾਨ ਕਰਨ ਲਈ ਲੋੜੀਂਦੀਆਂ ਐਸੀਆਂ ਸੇਵਾ ਪ੍ਰਦਾਨ ਕਰਦੀ ਹੈ, ਦੇ ਦੂਰਸੰਚਾਰ ਉਪਕਰਨਾਂ ਦੇ ਖ਼ਰਾਬ ਹੋਣ, ਰੁਕ ਜਾਣ, ਮੁਅੱਤਲ ਜਾਂ ਨਿਸਫ਼ਲ ਹੋਣ ਲਈ, ਯੈੱਸ ਬੈਂਕ ਦੀ ਕਿਸੇ ਦੇਰ, ਰੁਕਾਵਟ, ਮੁਅੱਲਤੀ, ਨਿਪਟਾਰੇ ਜਾਂ ਗਲਤੀ ਕਾਰਨ ਵਰਤੋਂਕਾਰ ਜਾਂ ਕਿਸੇ ਵੀ ਵਿਅਕਤੀ ਦੁਆਰਾ ਉਠਾਇਆ ਗਿਆ ਕੋਈ ਨੁਕਸਾਨ ਜਾਂ ਹਾਨੀ, ਸਿੱਧੇ, ਅਸਿੱਧੇ ਜਾਂ ਨਤੀਜੇ ਦੇ ਰੂਪ ਵਿੱਚ ਬਸ਼ਮੂਲ ਪਰ ਇਹਨਾਂ ਤਕ ਹੀ ਸੀਮਿਤ ਨਹੀਂ ਆਮਦਨ, ਮੁਨਾਫ਼ੇ, ਬਿਜ਼ਨਸ, ਕਾਂਟ੍ਰੈਕਟ, ਆਸ ਕੀਤੀਆਂ ਗਈਆਂ ਬਚਤਾਂ ਜਾਂ ਗੁਡਵਿਲ, ਕਿਸੇ ਵੀ ਉਪਕਰਨ ਬਸ਼ਮੂਲ ਸਾਫ਼ਟਵੇਅਰ, ਜਿਸ ਦਾ ਪੂਰਬਗਿਆਨ ਹੋਵੇ ਭਾਵੇਂ ਨਾ।

7. ਇੱਥੇ ਬਿਆਨ ਕੀਤੇ ਗਏ ਨਿਯਮਾਂ ਅਤੇ ਸ਼ਰਤਾਂ ਵਿੱਚ ਪ੍ਰਦਾਨ ਕੀਤੇ ਗਏ ਕਿਸੇ ਵੀ ਪ੍ਰਤੀਕੂਲ ਦੇ ਬਾਵਜੂਦ, ਯੈੱਸ ਬੈਂਕ ਵਰਤੋਂਕਾਰ ਅਤੇ ਸੈਲਿਊਲਰ ਸੇਵਾ ਪ੍ਰਦਾਤਾਵਾਂ ਜਾਂ ਕਿਸੇ ਵੀ ਤੀਜੀ ਪਾਰਟੀ ਸੇਵਾ ਪ੍ਰਦਾਤਾ (ਇਸ ਮਾਮਲੇ ਵਿੱਚ ਯੈੱਸ

ਬੈਂਕ ਰਾਹੀਂ ਨਿਯੁਕਤ ਕੀਤਾ ਗਿਆ ਜਾਂ ਉਂਜ) ਵਿਚਕਾਰ ਕਿਸੇ ਵੀ ਵਿਵਾਦ ਕਾਰਨ ਯੈੱਸ ਬੈਂਕ ਕਿਸੇ ਵੀ ਤਰ੍ਹਾਂ ਵਰਤੋਂਕਾਰ ਲਈ ਦੇਣਦਾਰ ਨਹੀਂ ਹੋਏਗਾ।

8. ਯੈੱਸ ਬੈਂਕ ਵਿਅਕਤੀ ਦੀ ਜਾਂ ਵਰਤੋਂਕਾਰ ਦੀਆਂ ਹਿਦਾਇਤਾਂ 'ਤੇ ਅਮਲ ਕਰਨ ਲਈ ਸਹੂਲਤ ਰਾਹੀਂ ਭੇਜੀ ਗਈ ਖਾਤਾ ਜਾਣਕਾਰੀ ਦੀ ਭੇਤਦਾਰੀ, ਗੋਪਨਿਯਤਾ ਅਤੇ ਸੁਰੱਖਿਆ ਲਈ ਜ਼ਿੰਮੇਵਾਰ ਨਹੀਂ ਠਹਿਰਾਇਆ ਜਾਏਗਾ।

9. ਕਾਰਨਾਂ ਕਰਕੇ ਬਸ਼ਮੂਲ ਪਰ ਇਹਨਾਂ ਤਕ ਹੀ ਸੀਮਿਤ ਨਹੀਂ, ਅੰਕੜਿਆਂ ਦੇ ਵਿਸ਼ਲੇਸ਼ਣ ਜਾਂ ਕ੍ਰੈਡਿਟ ਰੇਟਿੰਗ ਲਈ, ਇਕ ਕਾਨੂੰਨੀ ਨਿਰਦੇਸ਼ ਦੀ ਪਾਲਣਾ ਕਰਨ ਲਈ, ਕਿਸੇ ਵੀ ਦੂਰਸੰਚਾਰ ਜਾਂ ਇਲੈਕਟ੍ਰਾਨਿਕ ਕਲੀਅਰਿੰਗ ਵਿਚੱ ਭਾਗ ਲੈਣ ਲਈ, ਯੈੱਸ ਬੈਂਕ ਦੁਆਰਾ ਕਿਸੇ ਤੀਜੀ ਪਾਰਟੀ ਨੂੰ ਪ੍ਰਗਟਾਈ ਗਈ ਨਿੱਜੀ ਜਾਣਕਾਰੀ ਦੇ ਕਾਰਨ ਵਰਤੋਂਕਾਰ ਨੂੰ ਹੋਏ ਕਿਸੇ ਵੀ ਨੁਕਸਾਨ ਲਈ ਯੈੱਸ ਬੈਂਕ ਨੂੰ ਦੇਣਦਾਰ ਨਹੀਂ ਠਹਿਰਾਇਆ ਜਾਏਗਾ।

**ਐਲ. ਸਬ-ਕਾਂਟ੍ਰੈਕਟਿੰਗ :**

1. ਯੈੱਸ ਬੈਂਕ ਬਿਨਾ ਵਰਤੋਂਕਾਰ ਨੂੰ ਕੋਈ ਸੂਚਨਾ, ਨੋਟਿਸ ਦਿੱਤਿਆਂ ਜਾਂ ਉਸ ਦੀ ਇਜਾਜ਼ਤ ਲਿਆਂ, ਸਹੂਲਤਾਂ ਅਧੀਨ ਆਪਣੀਆਂ ਜ਼ਿੰਮੇਵਾਰੀਆਂ ਪੂਰੀਆਂ ਕਰਨ ਲਈ ਕਿਸੇ ਵੀ ਤੀਜੀ ਪਾਰਟੀ ਜਾਂ ਸੁਤੰਤਰ ਕਾਂਟ੍ਰੈਕਟਰ ਨੂੰ ਸਬ-ਕਾਂਟ੍ਰੈਕਟ ਕਰ ਸਕਦਾ ਹੈ।

2. ਇਹਨਾਂ ਨਿਯਮਾਂ ਅਤੇ ਸ਼ਰਤਾਂ ਵਿੱਚ ਕਿਸੇ ਨੂੰ ਵੀ ਯੈੱਸ ਬੈਂਕ ਅਤੇ ਸਬ-ਕਾਂਟ੍ਰੈਕਟਰ ਜਾਂ ਸੁਤੰਤਰ ਸੇਵਾ ਪ੍ਰਦਾਤਾ ਵਿਚਕਾਰ ਕੋਈ ਠੇਕੇ ਦਾ ਸੰਬੰਧ ਪੈਦਾ ਕਰਨ ਵਾਲਾ ਨਹੀਂ ਸਮਝਿਆ ਜਾਏਗਾ, ਨਾ ਹੀ ਯੈੱਸ ਬੈਂਕ ਦੇ ਸਿਰ ਕੋਈ ਜ਼ਿੰਮੇਵਾਰੀ ਹੈ ਕਿ ਉਹ ਸਬ-ਕਾਂਟ੍ਰੈਕਟਰ ਜਾਂ ਸੁਤੰਤਰ ਸੇਵਾ ਪ੍ਰਦਾਤਾ ਵੱਲੋਂ ਬਾਕੀ ਕੋਈ ਰਕਮ ਅਦਾ ਕਰੇ।

**ਐਮ. ਨਿਖੇੜਨਯੋਗਤਾ :**

1. ਜੇ ਕਿਸੇ ਅਧਿਕਾਰ ਖੇਤਰ ਦੀ ਅਦਾਲਤ ਦੁਆਰਾ ਇਸ ਦਸਤਾਵੇਜ਼ ਦੇ ਕਿਸੇ ਨਿਯਮ ਜਾਂ ਪ੍ਰਾਵਧਾਨ ਨੂੰ ਨਾਜਾਇਜ਼ ਕਰਾਰ ਦਿੱਤਾ ਜਾਂਦਾ ਹੈ, ਤਾਂ ਇਸ ਪਰਚੇਜ਼ ਆਰਡਰ ਦੇ ਬਾਕੀ ਦੇ ਨਿਯਮ ਅਤੇ ਸ਼ਰਤਾਂ ਪੂਰੀ ਫ਼ੋਰਸ ਅਤੇ ਪ੍ਰਭਾਵ ਨਾਲ ਲਾਗੂ ਰਹਿਣਗੇ।

**ਐਨ. ਤੀਜੀ ਪਾਰਟੀ ਲਾਭ ਪ੍ਰਾਪਤ ਕਰਤਾ :**

1. ਇੱਥੇ ਪੂਰੀ ਤਰ੍ਹਾਂ ਨਿਰਧਾਰਿਤ ਕੀਤੇ ਗਏ ਤੋਂ ਬਿਨਾ, ਇਸ ਵਿੱਚ ਸ਼ਾਮਲ ਜਾਂ ਨਿਹਿਤ ਕੁਝ ਵੀ ਦਾ ਇਹ ਮਤਲਬ ਨਹੀਂ ਹੈ, ਨਾ ਹੀ ਸਮਝਿਆ ਜਾਏਗਾ ਕਿ ਵਰਤੋਂਕਾਰ ਤੋਂ ਬਿਨਾ ਕਿਸੇ ਵੀ ਵਿਅਕਤੀ ਜਾਂ ਹਸਤੀ ਨੂੰ ਕੋਈ ਅਧਿਕਾਰ ਦਿੱਤੇ ਗਏ ਹਨ।

**ੳ. ਫ਼ੀਸਾਂ ਅਤੇ ਗਾਹਕ ਸਮਰਥਨ :**

1. ਜਦ ਵਰਤੋਂਕਾਰ ਯੈੱਸ ਬੈਂਕ ਵਾਲਿਟ ਵਿੱਚੋਂ ਕਿਸੇ ਵੀ ਬੈਂਕ ਖਾਤੇ ਵਿੱਚ ਪੈਸਾ ਟ੍ਰਾਂਸਫ਼ਰ ਕਰਦਾ ਹੈ ਤਾਂ ਯੈੱਸ ਬੈਂਕ ਵਰਤੋਂਕਾਰ ਨੂੰ ਫ਼ੀਸ ਚਾਰਜ ਕਰਦਾ ਹੈ। ਇਹ ਫ਼ੀਸ ਟ੍ਰਾਂਸਫ਼ਰ ਦੀ ਰਕਮ ਦਾ 2.5% ਹੋਏਗੀ। ਯੈੱਸ ਬੈਂਕ ਨੇ ਵਰਤੋਂਕਾਰ ਨੂੰ ਚਾਰਜ ਕੀਤੀ ਜਾਣ ਵਾਲੀ ਫ਼ੀਸ ਵਿੱਚ ਬਦਲਾਅ ਕਰਨ ਦਾ ਹੱਕ ਰਾਖਵਾਂ ਰੱਖਿਆ ਹੈ।

2. ਯੈੱਸ ਬੈਂਕ ਵਾਲਿਟ ਬਾਰੇ ਹੋਣ ਜਾਣਕਾਰੀ ਪਾਉਣ ਲਈ ਵਰਤੌਂਕਾਰ www.yesbank.in ਜਾਂ yespay.co.in 'ਤੇ ਵਿਜ਼ਿਟ ਕਰ ਸਕਦੇ ਹਨ।

3. ਕਿਸੇ ਵੀ ਪੁੱਛ-ਗਿੱਛ/ਸ਼ਿਕਾਇਤ ਲਈ ਵਰਤੌਂਕਾਰ ਯੈੱਸ ਬੈਂਕ ਦੇ ਟੋਲ ਫ਼੍ਰੀ ਨੰ. 1800 2000 'ਤੇ ਪਹੁੰਚ ਸਕਦੇ ਹਨ ਜਾਂ yestouch@yesbank.in 'ਤੇ ਈਮੇਲ ਕਰ ਸਕਦੇ ਹਨ।

4. ਜੇ ਦਿੱਤਾਗਿਆ ਸੁਲਝਾਅ ਤੁਹਾਡੀ ਉਮੀਦ ਅਨੁਸਾਰ ਠੀਕ ਨਹੀਂ ਲੱਗਦਾ, ਤਾਂ ਵਰਤੌਂਕਾਰ head.grievanceredressal@yesbank.in 'ਤੇ ਸ਼ਿਕਾਇਤ ਨਿਵਾਰਨ ਅਧਿਕਾਰੀ ਤਕ ਪਹੁੰਚ ਸਕਦਾ ਹੈ। ਜੇ ਸ਼ਿਕਾਇਤ ਨਿਵਾਰਨ ਅਧਿਕਾਰੀ ਵੱਲੋਂ ਦਿੱਤਾ ਗਿਆ ਸੁਲਝਾਅ ਵੀ ਤਸੱਲੀਬਖਸ਼ ਨਾ ਹੋਵੇ, ਤਾਂ ਵਰਤੌਂਕਾਰ principal.nodalofficer@yesbank.in 'ਤੇ ਮੁੱਖ ਨੋਡਲ ਅਧਿਕਾਰੀ ਤਕ ਪਹੁੰਚ ਸਕਦਾ ਹੈ।

5. ਵਰਤੌਂਕਾਰ ਨੂੰ ਇਸ ਦੁਆਰਾ ਸੂਚਿਤ ਕੀਤਾ ਜਾਂਦਾ ਹੈ ਕਿ ਯੈੱਸ ਬੈਂਕ ਰਿਜ਼ਰਵ ਬੈਂਕ ਆਫ਼ ਇੰਡੀਆ ਦੀ ਬੈਂਕਿੰਗ ਓਂਬਡਸਮੈਨ ਸਕੀਮ, 2006 ਦੇ ਅਧੀਨ ਆਉਂਦਾ ਹੈ। ਇਸ ਸਕੀਮ ਅਧੀਨ ਜੇ ਬੈਂਕ ਦੇ ਵਿਰੁੱਧ ਕਿਸੇ ਸ਼ਿਕਾਇਤ ਦਾ ਨਿਵਾਰਨ 30 ਦਿਨਾਂ ਅੰਦਰ ਪੂਰਾ ਨਹੀਂ ਕੀਤਾ ਜਾਂਦਾ ਤਾਂ ਇਸ ਸ਼ਿਕਾਇਤ ਨੂੰ ਸੰਬੰਧਿਤ ਸ਼ਹਿਰ ਦੇ ਬੈਂਕਿੰਗ ਓਂਬਡਸਮੈਨ ਤਕ ਪਹੁੰਚਾਇਆ ਜਾ ਸਕਦਾ ਹੈ। ਮੰਪਰਕ ਵੇਰਵੇ ਲਈ ਕਿਰਪਾ ਕਰਕੇ ਅਗਲੇ ਲਿੰਕ ਦੇ ਜਾਓ https://www.rbi.org.in/Scripts/bs_viewcontent.aspx?Id=164

**ਪੀ. ਪ੍ਰਬੰਧਨ ਕਾਨੂੰਨ ਅਤੇ ਅਧਿਕਾਰ ਖੇਤਰ:**

1. ਇੱਥੇ ਸ਼ਾਮਲ ਸਭ ਨਿਯਮਾਂ ਅਤੇ ਸ਼ਰਤਾਂ, ਜਿਨ੍ਹਂ ਨੂੰ ਸਮੇਂ ਸਮੇਂ ਯੈੱਸ ਬੈਂਕ ਦੁਆਰਾ ਸੰਸ਼ੋਧਿਤ ਕੀਤਾ ਜਾਂ ਸੁਧਾਰਿਆ ਜਾਏ, ਨੂੰ ਭਾਰਤ ਦੇ ਕਾਨੂੰਨਾਂ ਦੇ ਅਨੁਕੂਲ ਸਮਝਿਆ ਜਾਏਗਾ ਜਿਨ੍ਹਾਂ ਦੇ ਅਧੀਨ ਕਿ ਸਭ ਵਿਵਾਦਾਂ ਦਾ ਨਿਪਟਾਰਾ ਕੀਜ਼ਾ ਜਾਏਗਾ।

2. ਇੱਥੇ ਬਿਆਨੇ ਸਭ ਨਿਯਮਾਂ ਤੇ ਸ਼ਰਤਾਂ ਜਿਨ੍ਹਾਂ ਨੂੰ ਸਮੇਂ ਸਮੇਂ ਯੈੱਸ ਬੈਂਕ ਦੁਆਰਾ ਸੰਸ਼ੋਧਿਤ ਕੀਤਾ ਜਾਂ ਸੁਧਾਰਿਆ ਜਾਏ, ਨਾਲ ਸੰਬੰਧਿਤ ਸਾਰੇ ਵਿਵਾਦਾਂ, ਝਗੜਿਆਂ ਅਤੇ ਦਾਅਵਿਆਂ, ਬਸ਼ਮੂਲ ਇਹਨਾਂ ਦੀ ਉਲੰਘਣਾ, ਸਮਾਪਤੀ ਜਾਂ ਵੈਧਤਾ ਨੂੰ ਮੁੰਬਈ ਦੀਆਂ ਅਦਾਲਤਾਂ ਦੇ ਅਧਿਕਾਰ ਖੇਤਰ ਅਧੀਨ ਲਿਆਂਦਾ ਜਾਏਗਾ।

**ਵਰਤੌਂਕਾਰ ਨੇ ਉਪਰੋਕਤ ਨਿਯਮਾਂ ਅਤੇ ਸ਼ਰਤਾਂ ਪੜ੍ਹ ਅਤੇ ਇਹਨਾਂ ਦੇ ਨਿਹਿਤ ਅਰਥਾਂ ਨੂੰ ਸਮਝ ਲਿਆ ਹੈ ਅਤੇ ਉਸ ਨੇ ਆਪਣੀ ਖੁਲ੍ਹੀ ਮਰਜ਼ੀ, ਸੂਚਿਤ ਰਜ਼ਾਮੰਦੀ ਤੇ ਇੱਛਾ-ਸ਼ਕਤੀ ਨਾਲ ਐਪਲੀਕੇਸ਼ਨ ਦੁਆਰਾ ਸਹੂਲਤਾਂ ਦਾ ਲਾਭ ਉਠਾਉਣ ਦੀ ਗੱਲ ਸਵੀਕਾਰ ਕੀਤੀ ਹੈ।**